# ਪੀਂਘ ਸਤਰੰਗੀ

(ਗੀਤ, ਗ਼ਜ਼ਲ ਅਤੇ ਕਵਿਤਾਵਾਂ)

# ਪੀਂਘ ਸਤਰੰਗੀ

## (ਗੀਤ, ਗ਼ਜ਼ਲ ਅਤੇ ਕਵਿਤਾਵਾਂ)

**ਸੰਪਾਦਕ**

ਸੁਰਿੰਦਰਜੀਤ ਚੌਹਾਨ

ਜੰਟੀ ਬੇਤਾਬ 'ਬੀਂਬੜ'

**ਸੰਗਮ ਪਬਲੀਕੇਸ਼ਨਜ਼, ਪਟਿਆਲਾ**

**PEENGH SATRANGI**
(a book of poetry)
edited by :
**Surinderjit Singh Chauhan**
**s/o Shri Amritpal Singh Chauhan**
Thuhi Road 40 No. Phatak
M.C di Kothi, Nabha
Pin code.147201
Mobile : 98141-01312, 98551-00712
surinderchauhan78@gmail.com

ISBN 978-93-84273-58-3

© Author
2015

**Price Rs.250/-**

Published by
**Sangam Publications**
S.C.O. 94-95, Basement Floor
New Leela Bhawan, **Patiala**-147001 (Pb.)
Ph. 0175-2305347
Mob. 99151-03490, 092090-00001

Printed & Bound at:
Aarna Printing Solutions, Patiala
Ph. 99148-40666

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਪੰਜਾਬੀ ਸਾਹਿਤ ਦੀ ਸੇਵਾ ਕਰ ਰਹੀਆਂ
ਸਭ ਨਵੀਆਂ ਪੁਰਾਣੀਆਂ
ਕਲਮਾਂ ਨੂੰ

## ਤਤਕਰਾ


1. **ਅਮਨ ਗੁਲਾਟੀ ਵਧਵਾ**/13
   - ਜ਼ਿੰਦਗੀ
   - ਤੂੰ ਹੀ ਤੂੰ
   - ਨਵੀਂ ਮੌਤੇ ਮਰਨਾ
   - ਜੁਦਾਈ
   - ਬੇਵੱਸ ਮੁੱਹਬਤ
2. **ਆਤਮਜੀਤ ਸਮਾਧਵੀ**/18
   - ਸੱਚ ਨੇ ਉੜਕ ਸੱਚ ਰਹਿਣਾ
   - ਲੇਖਕ ਦੀ ਕਲਮ
   - ਚੋਣਾਂ
   - ਸੱਟ ਜਿਗਰ ਤੇ
3. **ਅਮਨਦੀਪ ਕੌਰ**/23
   - ਉਹ ਦਿਨ....
   - ਪਲ....
   - ਸੁਪਨੇ....
   - ਰਿਸ਼ਤੇ....
   - ਕੁਝ ਇਹ ਵੀ...
4. **ਅਸ਼ੋਕ ਸ਼ਰਮਾ**/28
   - ਅੱਖੀਆਂ ਦੇ ਵਿੱਚ ਖ਼ਾਬ
   - ਇਸ਼ਕੇ ਦਾ ਰੰਗ ਚੜ੍ਹਿਆ
   - ਕਿੱਦਾਂ ਭੁੱਲ ਬਖ਼ਸ਼ਾਵਾ
   - ਗਾਨੀਂ ਰਾਂਝਣ ਦੀ ਲੱਗਦੀ ਬੜੀ ਪਿਆਰੀ।
   - ਹਾਕਾਂ ਘਰ ਵੱਜੀਆਂ
5. **ਅਮਿਤਾਸ**/33
6. **ਅੰਮ੍ਰਿਤਪਾਲ ਸਿੰਘ**/38
   - ਪੰਜਾਬੀ ਮਾਂ
   - ਦੇਬੀ ਸੁਣਦਾ ਹਾਂ
   - ਕਿੱਦਾਂ ਪੰਜਾਬ ਕਹਾਂ
   - ਮੈਂ ਬੂਟਾ ਹਾਂ
   - ਡਰ
7. **ਅਵਤਾਰ ਸਿੰਘ ਮਾਨ**/43
   - ਰਿਸ਼ਤੇ
   - ਕਤਲ
   - ਮੇਰੇ ਗੀਤਾਂ 'ਚ
   - ਸੱਚ
   - ਕਦੇ ਕਦੇ
8. **ਬਸੰਤ ਕੁਮਾਰ 'ਸ਼ਾਯਦ'**/48
   - ਧੀ
   - ਜ਼ਿੰਦਗੀ
   - ਕੀਮਤ
9. **ਭਰਪੂਰ ਸਿੰਘ**/53
   - ਸ਼ੇਅਰ
   - ਅਜਨਬੀ
   - ਜਾਨ
   - ਜਾਨੇ ਮੇਰੀਏ
   - ਤੇਰੀ ਯਾਦ
10. **ਦਵਿੰਦਰ ਸਿੰਘ ਇੰਗਲੈਂਡ**/58
    - ਵੱਖਰਾ ਸਵਾਦ
    - ਕਿੱਦਾਂ
    - ਮੇਰੀਆਂ ਯਾਦਾਂ
    - ਅੱਜ ਕੱਲ
    - ਉਡੀਕ ਤੇਰੀ
11. **ਦੀਪਾ ਸ਼ੇਰਗਿੱਲ (ਕੈਨੇਡਾ)**/63
    - ਦਿਲਾਂ ਦੀ ਚੋਰ
    - ਤੇਰਾ ਵਿਆਹ
    - ਟੁੱਟੀ ਯਾਰੀ
    - ਪੰਗਾ
    - ਪੰਜਾਬ ਮਿੱਤਰੋ
12. **ਦਿਲਬਾਗ ਐਸ. ਭੰਬਰਾ**/68
    - ਰੱਬ ਵੱਸਦਾ ਤੇਰੇ ਦਿਲ ਦੇ ਮੰਦਿਰਾਂ ਉੱਤੇ
    - ਨਜ਼ਮ ਰੋਂਦੀ ਏ
    - ਰੱਬ ਦੇ ਸ਼ੁਕਰ ਵਿੱਚ ਬੰਦਿਆ
    - ਸਿਰ ਤਲੀ ਟਿਕਾ ਲਓ ਜਿਹਦਾ ਜੀਅ ਕਰਦਾ
    - ਜਿੱਥੇ ਹੋਵੇ ਨਾ ਕਦਰ
13. **ਗੋਲਡੀ ਨਰਮਾਣਾ**/73
    - ਖ਼ਾਬ
    - ਹੜ੍ਹ
    - ਪੀੜ
    - ਪੰਜਾਬੀ ਮੁਟਿਆਰ
    - ਪੈਗ਼ਾਮ
14. **ਗਗਨ ਬਰਾੜ (ਇੰਗਲੈਂਡ)**/78
    - ਮੈਂ
    - ਵਰਤ
    - ਉਡੀਕ
    - ਛਿਪਦਾ ਸੂਰਜ
    - ਬੇਵਸ ਪੰਜਾਬ
15. **ਗੁਰਵਿੰਦਰ ਗੁਰੂ** /83
    - ਭਾਰਤ ਮਹਾਨ
    - ਹੁਣ ਮੁੜ ਚੱਲੀਏ
    - ਦੀਵਾ ਬਲਦਾ ਰਿਹਾ
    - ਮਰਜ਼
    - ਰੱਬ ਹੀ ਬਚਾਵੇ
16. **ਹਰਪ੍ਰੀਤ ਸਿੰਘ ਸ਼ੇਰਗਿੱਲ**/88
    - ਅੰਨਦਾਤਾ
    - ਪੰਜਾਬ
    - ਔਰਤ
    - ਪੱਛਮੀ ਸਭਿਆਚਾਰ
    - ਕੌੜਾ ਸੱਚ
17. **ਹੈਪੀ ਭਾਮ**/93
    - ਧੀਆਂ
    - ਅੰਧਕਾਰ
    - ਲਫਜ਼
    - ਦਿਲਜਲੇ
    - ਦੂਰੀ

18. **ਹਰਪ੍ਰੀਤ ਸਿੰਘ ਗੁੱਲਰਵਾਲ**/98
- ਸ਼ੀਸ਼ਾ
- ਸਰਦਾਰ
- ਅਸਾਂ ਨੂੰ ਮਾਣ ਵਤਨਾਂ ਦਾ
- ਯਾਦ
- ਇਕੋ ਟਾਹਣੀ ਦੇ ਫੁੱਲ

19. **ਜਤਿੰਦਰ ਹਰਚੰਦ**/103
- ਗਜ਼ਲ (ਉਦਾਸੀਆਂ)
- ਗੀਤ
- ਰੁਸਵਾਈਆਂ
- ਦਰਦ ਦਾ ਦਰਿਆ
- ਪ੍ਰਦੇਸੀ

20. **ਜੰਟੀ ਬੇਤਾਬ ਬੀਂਬੜ**/108
- ਟੱਪੇ
- ਧੀਆਂ
- ਪ੍ਰਦੇਸੀਆਂ ਨੂੰ ਯਾਦ....
- ਪੰਜਾਬ
- ਗ਼ਜ਼ਲ

21. **ਜਸਪਾਲ ਸਿੰਘ**/113
- ਤੇਰੀ ਤੜਫ
- ਕੈਸੀ ਰੁੱਤ
- ਸੂਰਜ
- ਨਵੀਂ ਰੀਤ

22. **ਕੁਲਵਿੰਦਰ ਕੌਰ ਜੋਸਨ**/118
- ਰੂਹ ਦਾ ਹਾਣੀ
- ਚਿਹਰਾ
- ਰਾਹ
- ਰੂਹ ਤੋਂ ਜਿਸਮ ਤੱਕ
- ਬੇਗਾਨੀ

23. **ਪ੍ਰੋ: ਕਰਮਜੀਤ ਕੌਰ ਕਿਸ਼ਾਂਵਲ**/123
- ਇੰਞ ਹੀ ਹੈ ਨਾ
- ਰਾਜ ਮੱਦ
- ਅਦਾਲਤ ਜਾਰੀ ਹੈ
- ਵਸਤੂ ਕਲਚਰ
- ਐ ਕਵਿਤਾ ਵਰਗਿਆ

24. **ਖੁਸ਼ਪ੍ਰੀਤ ਇੰਸ਼ਾਂ**/128
- ਸੱਚ ਦਾ ਸਤਿਕਾਰ
- ਦੀਵਾ
- ਯਾਰ
- ਸੁਪਨਿਆਂ ਦੇ ਸੁਲਤਾਨ
- ਉਦਾਸ ਚਿਹਰਾ

25. **ਮੰਗਲ ਢਿੱਲੋਂ**/133
- ਰਹਿਣਾ ਕੱਖ ਨੀ ਪੰਜਾਬੀਓ
- ਯਾਰੀ
- ਕਿਨਾਰੇ
- ਦੇਸ਼ ਬੇਗਾਨਾਂ
- ਬੋਤਲੇ

26. **ਗੁਰਪ੍ਰੀਤ ਬੀਂਬੜ**/138
- ਪੰਜਾਬੀਓ
- ਪ੍ਰਦੇਸੀ....
- ਸ਼ਰਧਾਂਜਲੀ
- ਯਾਦ
- ਪੀੜਾਂ ਦੇ ਪਰਛਾਵੇਂ

27. **ਪਰਭਾ ਢਾਣੀ ਵਾਲਾ**/143
- ਹਿਜਰ
- ਪਹਿਚਾਣ
- ਕੋਈ ਗੀਤ
- ਸਾਕੀ
- ਪੀੜਾਂ

28. **ਰਮਨਪ੍ਰੀਤ ਕੌਰ**/148
- ਸੁਪਨੇ ਦਾ ਟੋਟਾ
- ਸਰਹੱਦਾਂ
- ਦੀਵੇ ਦੀ ਲੋਅ
- ਮਨ ਦੀ ਧਰਤੀ
- ਪਰਵਾਸ

29. **ਰਣਜੀਤ ਕੌਰ ਸਵੀ**/153
- ਇਜ਼ਹਾਰ
- ਮੌਤ ਦਾ ਸੱਦਾ
- ਪਿਆਰ ਦੀ ਤਲਾਸ਼
- ਪਿਆਰ ਵਾਲੀ ਚੂਰੀ
- ਦੋਰਾਹਾ

30. **ਰਾਜ ਨਰਮਾਣਾ**/158
- ਦੋ ਮੁੱਠੀਆਂ ਲੂਣ
- ਦੋਸਤ
- ਨਹੀਂ.....ਨਹੀਂ....
- ਮੇਰੀ ਕਲਮ

31. **ਸਰਬਜੀਤ ਚੌਟਾਲਾ**/163
- ਪੀੜ੍ਹ
- ਸ਼ੁਰੂਆਤ
- ਧੀ ਮਾਂ ਨੂੰ
- ਜ਼ਿੰਮੇਵਾਰੀ
- ਬਾਪੂ

32. **ਸੈਂਡੀ ਗਿੱਲ ਟੋਰਾਂਟੋ (ਕੈਨੇਡਾ)**/168
- ਰਿਸ਼ਤੇ
- ਦੋ ਪਲ
- ਪਹੁ ਫੁਟਾਲੇ
- ਝੁਰਮਟ
- ਇਸ਼ਕ ਦੀ ਝਾਂਜਰ

33. **ਸੁਰਿੰਦਰ ਜੱਕੋਪਰੀ**/173
- ਆਦਮੀ
- ਸੱਜਣ
- ਚੰਦਾ ਵੇ
- ਵਕਤ
- ਗੀਤ

34. **ਸੁਰਿੰਦਰਜੀਤ ਕੁਠਾਲਾ**/178
- ਮੈਂ ਸੋਚਦਾ ਸਾਂ
- ਰੀਝ
- ਤੈਨੂੰ ਯਾਦ ਕਰਕੇ
- ਹਾਕਮ
- ਖ਼ਿਆਲ

35. **ਸੁਰਿੰਦਰਜੀਤ ਚੌਹਾਨ**/183
- ਇਸ਼ਕ
- ਮੇਰੇ ਗੀਤ
- ਸੰਸਾਰ
- ਉਡਾਰੀ
- ਰੀਝ ਨਿਮਾਣੀਂ

36. **ਸੁਖਰਾਜ ਸੇਮਾ (ਬਠਿੰਡਾ)**/188
- ਦੇਸ਼ ਦੇ ਹਾਕਮ
- ਨੰਨ੍ਹੀਆਂ ਛਾਵਾਂ
- ਜੰਨਤ ਦਾ ਪਰਛਾਵਾਂ
- ਜੀਵਨ ਸਾਥੀ
- ਗੁਨਾਹਾਂ ਦੀ ਸਜ਼ਾ

# ਦੋ ਸ਼ਬਦ

ਕਲਮ ਸਿਰਜਣਹਾਰ ਹੈ। ਕਲਮ ਇੱਕ ਹਥਿਆਰ ਹੈ। ਹਰ ਯੁੱਗ ਵਿੱਚ ਕਲਮ ਉਸ ਦੇ ਰਹਿਣ ਵਾਲੇ ਲੋਕਾਂ ਦੇ ਸੱਭਿਆਚਾਰ ਨੂੰ ਸਦੀਆਂ ਤੱਕ ਸੁਰਜੀਤ ਰੱਖਦੀ ਆਈ ਹੈ। ਯੁੱਗਾਂ-ਯੁੱਗਾਤਰਾਂ ਤੋਂ ਰਿਸ਼ੀਆਂ-ਮੁਨੀਆਂ ਨੇ ਇਸ ਕਲਮ ਦੇ ਨਾਲ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਰਚਨਾ ਕੀਤੀ ਹੈ ਅਤੇ ਧਾਰਮਿਕ ਅਤੇ ਸਮਾਜਿਕ ਰਚਨਾ ਇਕ ਕਲਮ ਦੀ ਹੀ ਦੇਣ ਹੈ। ਸਦੀਆਂ ਤੋਂ ਹਰ ਫਿਰਕੇ ਦੇ ਲੋਕਾਂ ਨੇ ਇਸ ਜਰੀਏ ਆਪਣੀ ਸੱਭਿਅਤਾ ਨੂੰ ਜੀਵਤ ਰੱਖਿਆ ਹੈ। ਇਕ ਕਲਮਕਾਰ ਜੋ ਵੀ ਸਿਰਜਦਾ ਹੈ। ਉਸ ਵਿੱਚ ਕੁੱਝ ਉਸ ਦੇ ਨਿੱਜੀ ਵਿਚਾਰ ਅਤੇ ਕੁੱਝ ਜਿਸ ਸਮਾਜ ਵਿੱਚ ਉਹ ਰਹਿੰਦਾ ਹੈ। ਉਸ ਦਾ ਪ੍ਰਭਾਵ ਅਤੇ ਮਾਨਸਿਕ ਸੋਚ ਦੀ ਝਲਕ ਦਿਸਦੀ ਹੈ। ਕਲਮ ਦੇ ਵਿਸ਼ਿਆਂ ਦਾ ਖੇਤਰ ਬਹੁਤ ਵਿਸ਼ਾਲ ਹੈ। ਹਰ ਕਲਮਕਾਰ ਇੱਕੋ ਵਿਸ਼ਾ ਜਾਂ ਇੱਕੋ ਸੋਚ ਤੇ ਨਿਰਭਰ ਨਹੀਂ ਹੁੰਦਾ, ਇਹ ਜ਼ਰੂਰੀ ਨਹੀਂ ਹੁੰਦਾ ਕਿ ਇੱਕ ਚੰਗਾ ਕਹਾਣੀਕਾਰ ਹੋਣ ਦੇ ਨਾਲ ਚੰਗਾ ਕਵੀ ਜਾਂ ਗੀਤਕਾਰ ਵੀ ਹੋਵੇ ਜਾਂ ਇੱਕ ਸੁੰਦਰ ਗੀਤ ਲਿਖਣ ਵਾਲਾ ਇੱਕ ਚੰਗਾ ਨਾਵਲਕਾਰ ਹੋਵੇ। ਹਰ ਇਨਸਾਨ ਦੀ ਸੋਚ ਅਤੇ ਵਿਚਾਰਾਂ ਦਾ ਵਿਸ਼ਾ ਵੱਖੋ ਵੱਖਰਾ ਹੁੰਦਾ ਹੈ। ਸੋ ਗੱਲ ਕਿਤਾਬ ਦੀ ਕਰੀਏ ਅਜੋਕਾ ਯੁੱਗ ਸ਼ੋਸਲ ਨੈਟਵਰਕ ਦਾ ਯੁੱਗ ਹੈ। ਇਸ ਦੌਰ ਵਿੱਚ ਅਨੇਕਾਂ ਹੀ ਸ਼ੋਸ਼ਲ ਸਾਇਟਜ਼ ਚੱਲ ਰਹੀਆਂ ਹਨ। ਜਿਸ ਦੀ ਹਰ ਪੀੜ੍ਹੀ ਵਲੋਂ ਆਪੋ-ਆਪਣੇ ਢੰਗ ਤਰੀਕੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਜਿਨ੍ਹਾਂ ਵਿੱਚੋਂ ਫੇਸ ਬੁੱਕ ਵੀ ਇੱਕ ਹੈ। ਲਿਖਣ ਦਾ ਸ਼ੌਂਕ ਤਾਂ ਨਿੱਕੀ ਉਮਰੋਂ ਸੀ। ਪੰਜਾਬ ਦੇ ਸਿਰਮੌਰ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਣ ਤੋਂ ਇਲਾਵਾ ਕੁੱਝ ਸਤਰਾਂ ਅਸੀਂ ਲਿਖ ਕੇ ਫੇਸਬੁੱਕ ਤੇ ਪਾਉਣੀਆਂ ਸ਼ੁਰੂ ਕੀਤੀਆਂ ਦੋਸਤਾਂ ਵੱਲੋਂ ਚੰਗਾ ਹੁੰਗਾਰਾ ਮਿਲਣਾ ਸ਼ੁਰੂ ਹੋਇਆ ਬਹੁਤ ਸਾਰੇ ਕੁਮੈਂਟ ਆਉਣ ਲੱਗੇ ਜੋ ਕਿ ਕੁੱਝ ਨਵਾਂ ਲਿਖਣ ਦੀ ਸ਼ਕਤੀ ਦਿੰਦੇ ਅਤੇ ਹੌਂਸਲਾ ਪ੍ਰਦਾਨ ਕਰਦੇ, ਇਸੇ ਤਰ੍ਹਾਂ ਨਿੱਤ ਨਵੇਂ ਦੋਸਤ ਸਾਡੇ ਨਾਲ ਜੁੜਨ ਲੱਗੇ। ਜੋ ਕਿ ਲਿਖਣ ਤੇ ਪੜ੍ਹਨ ਦਾ ਸੌਂਕ ਰੱਖਦੇ ਸੀ। ਦੇਖਦੇ ਹੀ ਦੇਖਦੇ ਸਾਡਾ ਇਕ ਵਿਸ਼ਾਲ ਸਾਹਿਤਕ ਪਰਿਵਾਰ ਫੇਸਬੁੱਕ ਤੇ ਇਕੱਤਰ ਹੋ ਗਿਆ। ਬਹੁਤ ਕੁੱਝ ਨਵਾਂ ਹਰ ਰੋਜ਼ ਪੜ੍ਹਨ ਨੂੰ ਅਤੇ ਸਿੱਖਣ ਨੂੰ ਮਿਲਣ ਲੱਗਾ। ਅਸੀਂ ਸਾਰੇ ਆਪਣੀਆਂ-ਆਪਣੀਆਂ ਰਚਨਾਵਾਂ ਫੇਸ ਬੁੱਕ ਤੇ ਇੱਕ ਦੂਜੇ ਨਾਲ ਸਾਂਝੀਆਂ ਕਰਦੇ। ਇਸੇ ਤਰ੍ਹਾਂ ਇੱਕ ਦਿਨ ਬੈਠੇ-ਬੈਠੇ ਸਾਡੇ ਮਨ 'ਚ ਇੱਕ ਵਿਚਾਰ ਆਇਆ ਕਿਉਂ ਨਾ ਇਹਨਾਂ ਸਾਰੀਆਂ ਕਲਮਾਂ ਨੂੰ ਜੋ ਕਿ ਫੇਸ ਬੁੱਕ ਤੇ ਰੋਜ਼ ਬਹੁਤ ਹੀ ਸੁੰਦਰ ਲਿਖ ਰਹੀਆਂ ਹਨ ਇਕੱਤਰ ਕਰ ਇੱਕ ਸਾਂਝੀ ਕਿਤਾਬ ਦਾ ਰੂਪ ਦਿੱਤਾ ਜਾਵੇ। ਬਹੁਤ ਦਿਨ ਵਿਚਾਰ ਕਰਨ ਤੋਂ ਬਾਅਦ ਅਸੀਂ ਆਪਣੇ ਦਿਲ ਦੀ ਗੱਲ ਫੇਸਬੁੱਕ ਤੇ ਦੋਸਤਾਂ ਨਾਲ ਸਾਂਝੀ ਕੀਤੀ, ਜਿਸ ਦਾ ਭਰਵਾਂ ਹੁੰਗਾਰਾ ਮਿਲਿਆ ਜੋ ਕਿ ਸਾਡੇ ਲਈ ਬਹੁਤ ਉਤਸ਼ਾਹ ਪੂਰਨ ਸੀ ਦੇਖਦੇ ਹੀ ਦੇਖਦੇ ਦੋਸਤਾਂ

ਦੇ ਸੁਨੇਹੇ ਅਤੇ ਰਚਨਾਵਾਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਸਾਡੀ ਸੋਚ ਤੋਂ ਵੀ ਸਾਰੇ ਦੋਸਤਾਂ ਨੇ ਵੱਧ ਕੇ ਸਾਡਾ ਸਾਥ ਦਿੱਤਾ ਅਤੇ ਦਿਨਾਂ 'ਚ ਕਿਤਾਬ ਦੀਆਂ ਰਚਨਾਵਾਂ ਪਹੁੰਚ ਗਈਆਂ। ਵਿਸ਼ੇ ਤਾਂ ਬਹੁਤ ਸੀ ਕਿਤਾਬ 'ਚ ਸ਼ਾਮਲ ਕਰਨ ਲਈ ਤੇ ਕਈ ਦੋਸਤਾਂ ਨੇ ਸਲਾਹ ਵੀ ਦਿੱਤੀ ਪਰ ਅਸੀਂ ਇਸ ਨਿਮਾਣੀ ਜਿਹੀ ਕੋਸ਼ਿਸ਼ ਵਿੱਚ ਸਿਰਫ਼ ਗੀਤ, ਗ਼ਜ਼ਲ ਅਤੇ ਕਵਿਤਾਵਾਂ ਨੂੰ ਹੀ ਸ਼ਾਮਲ ਕਰਨ ਬਾਰੇ ਵਿਚਾਰ ਕੀਤਾ ਕਿਉਂਕਿ ਇਹ ਇਕੋ ਵਿਸ਼ੇ ਦੇ ਵੱਖੋ ਵੱਖਰੇ ਪੱਖ ਅਤੇ ਰੂਪ ਹਨ।

ਦੋਸਤੋ ਅਸੀਂ ਇੱਕ ਨਿਮਾਣੇ ਜਿਹੇ ਇਨਸਾਨ, ਹਰ ਉਸ ਕਲਮ ਅਤੇ ਹਰ ਉਸ ਇਨਸਾਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਤੇ ਰਿਣੀ ਹਾਂ ਤੇ ਰਹਾਂਗੇ ਜਿੰਨ੍ਹਾਂ ਸਾਡੇ ਨਿੱਕੇ ਜਹੇ ਸੱਦੇ ਤੇ ਸਾਡਾ ਸਾਥ ਦਿੱਤਾ ਅਤੇ ਇਸ ਉਪਰਾਲੇ 'ਚ ਸਾਡੇ ਮੋਢੇ ਨਾਲ ਮੋਢਾ ਜੋੜ ਖੜੇ ਹੋਏ। ਇਹ ਕਿਸੇ ਇਕ ਇਨਸਾਨ ਦੇ ਵੱਸ ਦੀ ਗੱਲ ਨਹੀਂ ਹੁੰਦੀ ਸੋ ਅਸੀਂ ਸਾਡੀ ਸਾਰੀ 'ਪੀਂਘ ਸੱਤਰੰਗੀ' ਦੀ ਟੀਮ ਦਾ ਧੰਨਵਾਦ ਕਰਦੇ ਹਾਂ ਅਤੇ ਵਿਸ਼ੇਸ਼ ਤੌਰ ਤੇ ਗੁਰਪ੍ਰੀਤ ਕੌਰ ਚੌਹਾਨ, ਹਰਦੀਪ ਚੌਹਾਨ ਤੇ ਬਲਜੀਤ ਕੌਰ ਤੇ ਰਹਿਮਤ ਸਿੰਘ ਧੰਨਵਾਦ ਕਰਦੇ ਹਾਂ। ਜਿੰਨ੍ਹਾਂ ਇਸ ਵਡਮੁੱਲੇ ਕਾਰਜ ਵਿਚ ਸਾਡਾ ਬਹੁਤ ਸਾਥ ਦਿੱਤਾ। ਇਹ ਸਾਡੀ ਪਹਿਲੀ ਕੋਸ਼ਿਸ਼ ਹੈ ਬਹੁਤ ਗ਼ਲਤੀਆਂ ਤੇ ਊਣਤਾਈਆਂ ਰਹਿ ਗਈਆਂ ਹੋਣਗੀਆਂ। ਸੋ ਤੁਸੀਂ ਬਖ਼ਸ਼ਣ ਹਾਰ ਹੋ ਬਖ਼ਸ਼ ਲੈਣਾ ਜੀ, ਇਸ ਕਿਤਾਬ ਵਿੱਚ ਆਪ ਨੂੰ ਗੀਤ, ਗ਼ਜ਼ਲ ਕਵਿਤਾ ਦੇ ਕਈ ਰੰਗ ਮਿਲਣਗੇ ਉਮੀਦ ਹੈ ਪਸੰਦ ਕਰੋਗੇ ਸੋ ਸਾਡੀ ਸਾਰੀ ਟੀਮ ਵੱਲੋਂ ਇੱਕ ਨਿਮਾਣੀ ਜਿਹੀ ਕੋਸ਼ਿਸ਼ ਸਦਕਾ ਅਸੀਂ ਇੱਕ ਗੁਲਦਸਤਾ ਲੈ ਕੇ ਹਾਜ਼ਰ ਹਾਂ, ਕਬੂਲ ਕਰਿਓ ਜੀ।

ਧੰਨਵਾਦ ਸਹਿਤ।

—ਸੁਰਿੰਦਰਜੀਤ ਚੌਹਾਨ
ਜੰਟੀ ਬੇਤਾਬ



ਅਮਨ ਗੁਲਾਟੀ ਵਧਵਾ

## ਜ਼ਿੰਦਗੀ

ਜ਼ਿੰਦਗੀ ਦੀਆਂ
ਉਲਝਣਾਂ 'ਚ
ਉਲਝ ਉਲਝ
ਗੁੰਝਲ ਹੋ ਜਾਣਾ....
ਤੇ ਫਿਰ
ਹੌਂਸਲਾ ਧਰਨਾ ਤੇ
ਸੁਲਝ ਜਾਣਾ...

ਇਹ ਤੇਰੇ ਜਾਂ ਮੇਰੇ
ਵੱਸ ਦੀ ਗੱਲ ਨਹੀਂ...

ਨਿਮਰ, ਵਿਸ਼ਾਲ
ਧਰਤੀ ਜਿਹਾ ਜ਼ੇਰਾ
ਚਾਹੀਦਾ ਹੈ....

ਉਲਝੀ ਬਿਖ਼ਰੀ
ਜ਼ਿੰਦਗੀ ਨੂੰ ਸੰਵਾਰਨ
ਅਤੇ ਮਾਣਨ
ਦੇ ਲਈ.....

## ਤੂੰ ਹੀ ਤੂੰ

ਛੱਡ ਵੇ ਦਿਲਾ.....
ਡੂੰਘੇ ਉੱਤਰੇ, ਨਵੇਂ ਪੁਰਾਣੇ
ਜ਼ਖ਼ਮਾਂ ਨੂੰ ਉਚੇੜਨਾ

ਮਦ ਮਸਤ ਹੋ ਜਾ....

ਝਰਨਿਆਂ ਦੀ ਝਰ-ਝਰ ਵਿੱਚ
ਹਵਾਵਾਂ ਦੀ ਸਾਂ-ਸਾਂ ਵਿੱਚ
ਚੜ੍ਹਦੇ ਸੂਰਜ ਦੀ ਸੁਰਖ਼
ਲਾਲੀ ਵਿੱਚ
ਪੂਰੇ ਚੰਨ ਦੀਆਂ
ਸ਼ੀਤਲ ਰਿਸ਼ਮਾਂ ਵਿੱਚ

ਕਾਦਰ ਤੇ ਕੁਦਰਤ ਦੀ
ਅਭੇਦ ਹਸਤੀ ਵਿੱਚ
ਇਕ ਮਿਕ ਹੋ ਕੇ
"ਮੈਂ ਤੇ ਤੂੰ"
ਦਾ ਫ਼ਰਕ ਮਿਟਾ

ਪਿਆਰ ਤੇ
ਆਪਸੀ ਸਾਂਝ ਦਾ
ਉੱਠਕੇ ਦੇ ਸੁਨੇਹਾ
"ਖ਼ੁਦ ਵਿੱਚ ਖ਼ੁਦਾ"
"ਖ਼ੁਦਾ ਵਿੱਚ ਖ਼ੁਦ"

ਹਰ ਹਯਾਤੀ ਨੂੰ
"ਤੂੰ ਹੀ ਤੂੰ"
ਬੋਲਣ ਲਾ....



## ਨਵੀਂ ਮੌਤੇ ਮਰਨਾ

ਹਾਂ....
ਕਿੰਨਾ ਆਸਾਨ ਸੀ
ਤੇਰੇ ਲਈ
ਮੇਰੇ ਦਾਮਨ ਨੂੰ
ਤੋਹਮਤਾਂ ਸੰਗ ਲੱਦ ਕੇ
ਚਲੇ ਜਾਣ ਲਈ
ਕਹਿ ਦੇਣਾ

ਪਰ.....
ਕਿੰਨਾ ਮੁਸ਼ਕਿਲ ਸੀ
ਮੇਰੇ ਲਈ
ਚੀਸਾਂ, ਹੰਝੂ ਤੇ ਆਹਾਂ
ਸੰਗ ਲੱਦੇ ਮੇਰੇ ਵਜ਼ੂਦ ਨੂੰ
ਤੇਰੇ ਸਿਰਨਾਵੇਂ ਨਾਲੋਂ
ਨਿਖੇੜਨਾ

ਅਤੇ....
ਕਿੰਨਾ ਦੁਖਦਾਈ ਹੈ
ਨਿਰੰਤਰ ਗਰਜਦੇ,
ਸ਼ੂਕਦੇ ਤੇ ਤੜਫਦੇ
ਖ਼ਿਆਲਾਂ ਦੇ ਸਮੁੰਦਰ
ਨੂੰ ਲੈ ਕੇ ਪਿਛਾਂਹ ਪਰਤਣਾ

ਜਿਵੇਂ....
ਕਦਮ ਦਰ ਕਦਮ
ਨਵੀਂ ਮੌਤੇ ਮਰਨਾ

# ਜੁਦਾਈ

ਮਨ ਦੀ ਧਰਤ ਨੂੰ
ਤਨਹਾ ਤੇ ਬੇਜ਼ਾਰ
ਕਰ ਗਈ ਏ
ਜੁਦਾਈ ਉਸਦੀ

ਮੈਂ ਚਾਹੇ....

ਚਾਨਣ ਦੀਆਂ ਘੁੱਟਾਂ
ਭਰ ਭਰ ਪੀਵਾਂ
ਸੂਹੇ ਚਾਨਣ ਦੀ ਗਾਗਰ 'ਚੋਂ

ਤੇ ਚਾਹੇ....

ਉਤਾਰ ਲਵਾਂ
ਮਨ ਦੀ ਕੈਨਵਸ 'ਤੇ
ਹਜ਼ਾਰਾਂ ਰੰਗਾਂ ਦੀ ਛਟਾ

ਤੇ ਫੇਰ ਚਾਹੇ....

ਲਟ ਲਟ ਕਰਦੇ
ਅਣ ਗਿਣਤ ਚਿਰਾਗ
ਬਾਲ ਬਾਲ ਰੱਖਾਂ

ਤੇ ਫਿਰ ਕਿਉਂ ਨਹੀਂ....

ਇਹ ਤਮਾਮ ਰੰਗ
ਮਨ ਦੀ ਧਰਤ ਨੂੰ
ਨੂਰੋ-ਨੂਰ ਕਰਦੇ ?



# ਬੇਵੱਸ ਮੁਹੱਬਤ

ਆਖ਼ਿਰ
ਹੋਣਾ ਪੈਣਾਂ ਜੁਦਾ
ਦਿਲ ਵਿੱਚ ਉੱਸਰੀਆਂ
ਖ਼ੁਆਇਸ਼ਾਂ ਦਾ ਖੰਡਰ ਲੈ

ਅੱਜ
ਇੱਕ ਵਾਰ ਫਿਰ
ਬੇਵੱਸ ਮੁਹੱਬਤ
ਦੁਨਿਆਵੀ ਫ਼ਰਜ਼ਾਂ
ਦੀ ਪੰਡ ਅੱਗੇ

ਜਿਵੇਂ
ਪੱਤਝੜ ਰੁੱਤੇ
ਕਿਰ ਜਾਂਦਾ ਹੈ
ਕੋਈ ਜ਼ਰਦ ਪੱਤਾ
ਚੁੱਪ ਖੜ੍ਹੇ ਰੁੱਖ ਦੀ
ਟਾਹਣੀ ਤੋਂ

ਤੇ
ਬੇਰੂਪ ਹੋ ਗਈ
ਜ਼ਿੰਦਗੀ
ਕਿਸੇ ਪੰਨੇ ਦੀ
ਬੇਤਰਤੀਬ ਨਜ਼ਮ ਵਾਂਗ.....

**-ਅਮਨ ਗੁਲਾਟੀ ਵਧਵਾ**
ਸ਼ਹੀਦ ਭਗਤ ਸਿੰਘ ਨਗਰ
ਬਠਿੰਡਾ (ਪੰਜਾਬ)

# ਸੱਚ ਨੇ ਓੜਕ ਸੱਚ ਰਹਿਣਾ



ਆਤਮਜੀਤ ਸਮਾਧਵੀ

ਪੈਰੀਂ ਡਿੱਗਣ ਪੰਜਾ ਸਾਲ ਬਾਅਦ ਆਕੇ
ਉਹੀ ਲਾਰੇ ਲਾਉਂਦੇ ਹਰ ਵਾਰ ਮੀਆਂ
ਝੂਠ ਬੋਲਕੇ ਜਿੱਤਣ ਦਾ ਕੀ ਫਾਇਦਾ ?
ਸੱਚ ਬੋਲਕੇ ਜਾਵੋ ਹਾਰ ਮੀਆਂ।
ਉਹਦੀ ਜ਼ਿੰਦਗੀ ਨਰਕ ਹੈ ਬਣ ਜਾਂਦੀ,
ਜਿਹਦੀ ਕੁਪੱਤੀ ਹੋਵੇ ਨਾਰ ਮੀਆਂ,
ਨਿਭਾਉਣੀ ਸਿੱਖੋ ਜੇ ਲਾਈ ਕਿਤੇ ਯਾਰੀ,
ਕਦੇ ਨਾ ਕਰੋ ਯਾਰ-ਮਾਰ ਮੀਆਂ।
ਨਾ ਭਗਤ ਸਿੰਘ ਨੇ ਹੌਸਲਾ ਹਾਰਿਆ ਸੀ
ਮੂਹਰੇ ਜ਼ਾਲਮ ਅੰਗਰੇਜ਼ ਸਰਕਾਰ ਮੀਆਂ।
ਉਹ ਕਦੇ ਵੀ ਰੋਕਿਆ ਨਹੀਂ ਰੁਕਦੇ,
ਜਿਹਨਾਂ ਮਨ ਵਿੱਚ ਲਈ ਏ ਧਾਰ ਮੀਆਂ।
ਬੋਲ ਸ਼ਰੀਕਾਂ ਦੇ ਸੀਨਾ ਸਾੜ ਦੇਵਣ,
ਜ਼ੁਬਾਨ ਹੁੰਦੀ ਏ ਤੇਜ਼ ਹਥਿਆਰ ਮੀਆਂ।
ਕਦੇ ਕਵਿਤਾ ਗੁਰਬਾਣੀ ਬਣਦੀ ਨਾ,
ਜੇ ਨਾਨਕ ਨਾ ਲੈਂਦਾ ਅਵਤਾਰ ਮੀਆਂ।
ਸਮਾਧਵੀ ਸੱਚ ਨੇ ਓੜਕ ਸੱਚ ਰਹਿਣਾ,
ਹਾਂਡੀ ਲੱਕੜ ਦੀ ਚੜ੍ਹੇ ਇਕੋ ਵਾਰ ਮੀਆਂ।



# ਲੇਖਕ ਦੀ ਕਲਮ

1. ਗ਼ਰੀਬਾਂ ਨੂੰ ਆਪਣਾ ਹੱਕ ਦਿਵਾਇਆ,
ਜੱਗ ਤੇ ਉਹਨਾਂ ਦਾ ਮਾਣ ਵਧਾਇਆ,
ਗੂੜ੍ਹੀ ਨੀਂਦ 'ਚੋਂ ਜਗਾਇਆ,
ਜੋ ਸੀ ਪੀ ਕੇ ਚਿਲਮ ਸੁੱਤੇ,
ਬਖਸ਼ਿਸ਼ ਕਰੀ ਰੱਬਾ ਲੇਖਕ ਦੀ ਕਲਮ ਉੱਤੇ।
2. ਪ੍ਰਸ਼ਾਸਨ ਦੀ ਵੀ ਲਿਆਂਦੀ ਨੇਰੀ,
ਕਰਦੇ ਸੀ ਜੋ ਹੇਰਾ-ਫੇਰੀ,
ਰੀੜ੍ਹ ਦੀ ਹੱਡੀ ਐਸੀ ਤੋੜੀ,
ਜੋ ਉੱਡਦੇ ਐਸੇ ਭਰਮ ਉੱਤੇ,
ਬਖਸ਼ਿਸ਼ ਕਰੀ ਰੱਬਾ ਲੇਖਕ ਦੀ ਕਲਮ ਉੱਤੇ।
3. ਸਾਧ ਨੇ ਬੈਠੇ ਜੋ ਪਾਖੰਡ ਧਾਰੀ,
ਇਹਨਾਂ ਦੀ ਵੀ ਹੁਣ ਆ ਗਈ ਵਾਰੀ,
ਜਾਨ ਇਹਨਾਂ ਦੀ ਕੜਿੱਕੀ ਤਾੜੀ,
ਜੋ ਠੱਗਦੇ ਸੀਗੇ ਧਰਮ ਉੱਤੇ,
ਬਖਸ਼ਿਸ਼ ਕਰੀ ਰੱਬਾ ਲੇਖਕ ਦੀ ਕਲਮ ਉੱਤੇ।
4. ਡਾਕਟਰ ਨੇ ਜੋ ਕਮਿਸ਼ਨ ਖਾਂਦੇ,
ਕਈ ਵਾਰ ਨੇ ਇਹ ਵੀ ਮਾਂਜੇ,
ਜਖ਼ਮ ਇਹਨਾਂ ਦੇ ਐਸੇ ਦਾਂਜੇ,
ਹੁਣ ਲਾਉਣ ਪਿਆਰ ਦੀ ਮੱਲਮ ਉੱਤੇ,
ਬਖਸ਼ਿਸ਼ ਕਰੀ ਰੱਬਾ ਲੇਖਕ ਦੀ ਕਲਮ ਉੱਤੇ।

# ਚੋਣਾਂ

ਮਹੀਨੇ ਬਾਅਦ ਆਈਆਂ ਰਹਿਣ ਚੋਣਾਂ,
ਮੱਚਿਆ ਰਹਿੰਦਾ ਏਥੇ ਘਮਸਾਨ ਬਾਬਾ।
ਕੈਂਸਰ ਪੀਲੀਏ ਨੇ ਕਾਲ ਦਾ ਰੂਪ ਧਾਰਿਆ,
ਜਗ੍ਹਾ ਮਿਲਣੀ ਨੀ ਵਿੱਚ ਸ਼ਮਸ਼ਾਨ ਬਾਬਾ।
ਸ਼ਹੀਦਾ ਦੇ ਮਾਪੇ ਦਫ਼ਤਰਾਂ ਵਿੱਚ ਰੁਲਦੇ,
ਦੇਸ਼ ਧਰੋਹੀਆਂ ਨੂੰ ਮਿਲਦੇ ਸਨਮਾਨ ਬਾਬਾ।
ਕੀ ਸੁਧਾਰੀਏ ਤੁਹਾਡੇ ਫੰਡ ਨਹੀਂ ਮਿਲ ਰਹੇ,
ਲੁੱਚੀ ਘੁੱਗੀ ਤੇ ਕਾਂ ਬਦਨਾਮ ਬਾਬਾ।
ਧਾਰਮਿਕ ਡੇਰੇ ਸਿਆਸਤ ਦੇ ਬਣੇ ਅੱਡੇ,
ਬਗਲ ’ਚ ਛੁਰੀ ਤੇ ਮੂੰਹ ’ਚ ਰਾਮ ਬਾਬਾ।
ਸਮਾਧਵੀ ਬੇਵਸ ਸਭ ਕੁੱਝ ਦੇਖ ਰਿਹਾ,
ਕਦੇ ਆਹ ਲੈਣ ਦੇ ਹੱਥ ’ਚ ਕਮਾਨ ਬਾਬਾ।



# ਸੱਟ ਜਿਗਰ ਤੇ

1. ਅਸੀਂ ਕਹਿਣ ਨੂੰ ਸਾਰੇ ਬੰਦੇ ਹਾਂ,
ਪਰ ਕੰਮ ਨਹੀਂ ਕੋਈ ਬੰਦਿਆਂ ਦੇ।
ਅਸੀਂ ਦੇਸ਼ ਦੇ ਸਾਰੇ ਦੁਸ਼ਮਣ ਹਾਂ,
ਯਾਰ ਨੇ ਸਾਰੇ ਡੰਡਿਆਂ ਦੇ।
ਹੁਣ ਭਗਤ ਸਿੰਘ ਕੋਈ ਜੰਮਣਾ ਨੀ,
ਇਥੇ ਸਭ ਨੇ ਪਾਸਾ ਵੱਟਿਆ ਏ।
ਇੱਕ ਸੱਟ ਜਿਗਰ ਤੇ ਲੱਗੀ,
ਇਸ ਗੱਲ ਦਾ ਸਦਮਾ ਲੱਗਿਆ ਏ।

2. ਕਲਯੁਗ ਦੀ ਖੇਡ ਨਿਆਰੀ ਏ,
ਘਰ-ਘਰ ਇਹਦਾ ਰੋਣਾ ਏ।
ਇਹਨਾਂ ਦੇਖ ਕੇ ਜ਼ਾਲਮ ਬੰਦਿਆਂ ਨੂੰ,
ਕਿਧਰੇ ਰੱਬ ਵੀ ਲੁਕ ਗਿਆ ਹੋਣਾ ਏ।
ਕਿਸੇ ਪਾਸੇ ਦਿਖੇ ਮੁਹੱਬਤ ਨਾ,
ਨਫ਼ਰਤ ਵਾਲਾ ਭਾਂਬੜ ਮੱਚਿਆ ਏ।
ਇੱਕ ਸੱਟ ਜਿਗਰ ਤੇ ਲੱਗੀ,
ਇਸ ਗੱਲ ਦਾ ਸਦਮਾ ਲੱਗਿਆ ਏ।

3. ਸਮਾਧਵੀ ਨੂੰ ਕਹਿੰਦੇ ਹੋਸ਼ ਨਹੀਂ,
ਤਾਂ ਹੀ ਊਂਟ-ਪਟਾਂਗ ਜਾ ਹੈ ਲਿਖਦਾ।
ਦੱਸ ਕਿੰਨੀ ਕੀਮਤ ਤੇਰੀ ਏ,

ਇਥੇ ਤਾਂ ਸਭ ਕੁੱਝ ਹੈ ਵਿਕਦਾ।
ਬੱਸ ਇਹੀ ਗੱਲਾਂ ਮਨਜ਼ੂਰ ਨਹੀਂ,
ਤਾਂ ਹੀ ਅੱਗ ਵਾਂਗੂ ਸੀਨਾ ਮੱਚਿਆ ਏ।
ਇੱਕ ਸੱਟ ਜਿਗਰ ਤੇ ਲੱਗੀ,
ਇਸ ਗੱਲ ਦਾ ਸਦਮਾ ਲੱਗਿਆ ਏ।

4. ਨਿੱਤ ਰੋਸ ਮੁਜ਼ਾਹਰੇ ਹੁੰਦੇ ਨੇ,
ਨੇੜੇ ਆਉਂਦੀਆਂ ਦੇਖਕੇ ਚੋਣਾਂ,
ਇਹਨਾਂ ਗਧੇ ਨੂੰ ਬਾਪੂ ਦੱਸਿਆ ਏ।
ਇੱਕ ਸੱਟ ਜਿਗਰ ਤੇ ਲੱਗੀ,
ਇਸ ਗੱਲ ਦਾ ਸਦਮਾ ਲੱਗਿਆ ਏ।

5. ਅੱਜ ਪੁੱਤ-ਕਪੁੱਤ ਹੋਏ ਨੇ,
ਰੋਂਦੀਆਂ ਬੁੱਢੀਆਂ ਮਾਈਆਂ ਜੀ।
ਪੜ੍ਹੇ ਲਿਖੇ ਨੇ ਬੇਰੁਜ਼ਗਾਰ ਫਿਰਦੇ,
ਸਾਧ ਖਾਂਦੇ ਮੱਖਣ ਮਲਾਈਆਂ ਜੀ।
ਇਹਨਾ ਧਰਮ ਦੇ ਠੇਕੇਦਾਰਾਂ ਨੇ,
ਲੋਕਾਂ ਰੱਬ ਦੇ ਨਾਂ ਤੇ ਠੱਗਿਆ ਏ।
ਇੱਕ ਸੱਟ ਜਿਗਰ ਤੇ ਲੱਗੀ,
ਇਸ ਗੱਲ ਦਾ ਸਦਮਾ ਲੱਗਿਆ ਏ।

**ਆਤਮਜੀਤ ਸਮਾਧਵੀ**
ਪਤਾ ਪਿੰਡ ਤੇ ਡਾਕ : ਸਮਾਧ ਭਾਈ
ਜ਼ਿਲ੍ਹਾ ਮੋਗਾ (ਪੰਜਾਬ)
ਮੋਬਾ: 97812-31642



# ਉਹ ਦਿਨ....



**ਅਮਨਦੀਪ ਕੌਰ**

ਕਿੱਥੇ ਨੇ ਦਿਨ ਉਹ, ਕਿੱਥੇ ਨੇ ਰਾਤਾਂ....
ਬਾਬਲ ਦੇ ਵਿਹੜੇ
ਮਿਲੀਆਂ ਸੌਗਾਤਾਂ
ਦਾਦੀ ਦੀਆਂ ਲੰਮੀਆਂ
ਲੰਮੀਆਂ ਬਾਤਾਂ
ਕਿੱਥੇ ਨੇ ਦਿਨ ਉਹ
ਕਿੱਥੇ ਨੇ ਰਾਤਾਂ।
ਤੀਆਂ ਦੇ ਦਿਨ ਉਹ
ਪੀਂਘਾਂ ਦੇ ਝੂਟੇ
ਮਹਿੰਦੀ ਦੇ ਰੰਗ ਉਹ
ਵੰਗਾਂ ਦੇ ਸੰਗ ਉਹ
ਸਾਵਣ ਦੀਆਂ ਠੰਡੀਆਂ
ਠੰਡੀਆਂ ਬਰਸਾਤਾਂ
ਕਿੱਥੇ ਨੇ ਦਿਨ ਉਹ
ਕਿੱਥੇ ਨੇ ਰਾਤਾਂ।
ਗੁੱਡੀਆਂ ਦੀ ਸ਼ਾਦੀ
ਉਹ ਸ਼ਾਦੀ ਦੇ ਮੇਲੇ
ਹੱਸ ਹੱਸ ਨੱਚਣਾਂ
ਨੱਚ ਨੱਚ ਥੱਕਣਾ
ਸਮੇਂ ਦੇ ਪਲ ਜੋ
ਬਣ ਗਏ ਯਾਦਾਂ
ਕਿੱਥੇ ਨੇ ਦਿਨ ਉਹ
ਕਿੱਥੇ ਨੇ ਰਾਤਾਂ।
ਨਿੱਕੀ ਜਿਹੀ ਗੱਲ ਤੋਂ
ਰੁੱਸਣਾ ਤੇ ਰੋਣਾਂ
ਵੀਰੇ ਦਾ ਗਲ ਲਾ
ਆ ਕੇ ਮਨਾਉਣਾ
ਅੰਮੀਂ ਦੀ ਲੋਰੀ
ਗਾ ਕੇ ਸੁਲਾਉਣਾ
ਸੋਨੇ ਦੇ ਦਿਨ ਉਹ
ਚਾਂਦੀ ਦੀ ਰਾਤਾਂ
ਕਿੱਥੇ ਨੇ ਦਿਨ ਉਹ
ਕਿੱਥੇ ਨੇ ਰਾਤਾਂ।

## ਪਲ....

ਕਿੰਨੇ ਖ਼ੂਬਸੂਰਤ

ਬੇਸ਼ਕੀਮਤੀ

ਹੁੰਦੇ ਨੇ ਉਹ ਪਲ

ਜਿਨ੍ਹਾਂ ਪਲਾਂ 'ਚ

ਖ਼ਿਆਲ

ਭਰਦੇ ਨੇ ਉਡਾਰੀਆਂ

ਜਾ ਰਹਿੰਦੇ ਨਾ

ਮਨ ਭਾਉਂਦੀ ਕਿਸੇ ਧਰਤ ਤੇ

ਚੁਗ ਆਉਂਦੇ ਨੇ

ਮਨ ਭਾਉਂਦਾ ਚੋਗਾ ਕੋਈ

ਤੇ

ਹੰਢਾ ਆਉਂਦੇ ਨੇ

ਲੰਮ ਸਲੰਮੀ

ਪੂਰੀ ਦੀ ਪੂਰੀ

ਅਉਧ ਇਕ।



## ਸੁਪਨੇ....

ਕੁਝ ਸੁਪਨੇ ਮੇਰੇ ਇਤਰ ਫੁਲੇਲਾਂ
ਰੋਮ ਰੋਮ ਮਹਿਕਾਉਂਦੇ
ਕੁਝ ਸੁਪਨੇ ਮਲ੍ਹਮ ਬਣਕੇ
ਰੂਹ ਮੇਰੀ ਸਹਿਲਾਉਂਦੇ।

ਕੁਝ ਸੁਪਨੇ ਅਹਿਸਾਸ ਹੋ ਹੋ
ਧੁਰ ਅੰਦਰ ਜਾ ਲਹਿੰਦੇ
ਕੁਝ ਸੁਪਨੇ ਸਤਰੰਗੀ ਪੀਂਘਾਂ
ਨੈਣਾਂ ਦੇ ਵਿਚ ਰਹਿੰਦੇ।

ਕੁਝ ਸੁਪਨੇ ਮੈਨੂੰ ਜੁਗਨੂੰ ਲੱਗਦੇ
ਰਾਹ ਮੇਰਾ ਰੁਸ਼ਨਾਉਂਦੇ
ਕੁਝ ਸੁਪਨੇ ਪਰ ਕੰਡਿਆਂ ਵਾਂਗੂ
ਚੁਭ ਚੁਭ ਚੋਭਾਂ ਲਾਉਂਦੇ

ਕੁਝ ਸੁਪਨੇ ਮੇਰੇ ਕਵਿਤਾ ਕਰਦੇ
ਕੁਝ ਕਹਿਣ ਕਹਾਣੀ
ਕੁਝ ਸੁਪਨੇ ਅਧਵਾਟੇ ਟੁੱਟਣ
ਕੁਝ ਉਮਰਾਂ ਦੇ ਹਾਣੀ।

# ਰਿਸ਼ਤੇ....

ਰਿਸ਼ਤੇ
ਕਾਗਜ਼ ਤਾਂ ਨਹੀਂ ਹੁੰਦੇ
ਕਿ
ਗਿੱਲੇ ਹੋ ਕੇ ਗਿਜਗਿਜੇ ਹੋ ਜਾਣ।
ਰਿਸ਼ਤੇ
ਕੱਚ ਵੀ ਨਹੀਂ ਹੁੰਦੇ
ਕਿ ਬੱਸ
ਠੋਕਰ ਨਾਲ ਹੀ
ਚੂਰ ਚੂਰ ਹੋ ਜਾਣ।
ਤੇ ਨਾਂ ਹੀ ਰਿਸ਼ਤੇ
ਰੇਤ ਦੇ ਘਰ ਹੁੰਦੇ ਨੇ
ਕਿ
ਹਵਾ ਦੇ ਬੁੱਲ੍ਹਿਆਂ 'ਚ
ਕਿਧਰੇ ਉਡ ਪੁਡ ਹੀ ਜਾਣ।
ਰਿਸ਼ਤੇ ਤਾਂ ਰਿਸ਼ਤੇ ਹੁੰਦੇ ਨੇ
ਪੱਥਰਾਂ ਤੇ ਉਕਰੀ
ਇਬਾਦਤ ਜਿਹੇ।
ਟਿਮਟਿਮਾਉਂਦੇ ਜੁਗਨੂੰਆਂ ਜਿਹੇ।
ਸ਼ਾਂਤ ਡੂੰਘੇ
ਨੀਲੇ ਪਾਣੀਆਂ ਜਿਹੇ।
ਰਿਸ਼ਤੇ ਹੁੰਦੇ ਨੇ
ਪੱਕੇ
ਪੀਢੇ
ਅੰਬਰਾਂ ਜੇਡੇ
ਹੁੰਦੇ ਨੇ
ਇਹ
ਰੂਹਾਂ ਦੇ ਰਿਸ਼ਤੇ।



# ਕੁਝ ਇਹ ਵੀ...

ਕੁਝ ਇਹ ਵੀ....
ਕਾਹਲ
ਚਿੰਤਾ
ਬੇਵਸੀ
ਉਮੀਦ
ਕਦੇ ਜਗਦੀ
ਕਦੇ ਬੁਝਦੀ
ਤੇ
ਕਦੇ ਫੇਰ ਜਗਦੀ
ਕੁਝ ਕੁ ਹਾਸੇ
ਬਹੁਤੇ ਹੰਝੂ
ਕੁਝ ਗਰਜ
ਕੁਝ ਫਰਜ਼
ਨਿਸ਼ਠਾ
ਸਮਰਪਣ
ਤੇ ਵਿਸ਼ਵਾਸ
ਕਿੰਨਾ ਕੁਝ ਹੁੰਦੈ
ਹਸਪਤਾਲ ਦੇ ਬੂਹੇ ਅੰਦਰ।

**ਅਮਨਦੀਪ ਕੌਰ**
ਸੁਪਤਨੀ ਡਾ. ਚਰਨਜੀਤ ਸਿੰਘ
ਪਤਾ : ਫਰੀਦ ਨਗਰ ਰਾਮਪੁਰਾ ਫੂਲ
ਮੋਬਾ: 94179-75711
ਪਿੰਨ -151103 ਜ਼ਿਲ੍ਹਾ ਬਠਿੰਡਾ (ਪੰਜਾਬ)



ਅਸ਼ੋਕ ਸ਼ਰਮਾ

# ਅੱਖੀਆਂ ਦੇ ਵਿੱਚ ਖ਼ਾਬ

ਅੱਖੀਆਂ ਦੇ ਵਿੱਚ ਖ਼ਾਬ ਜ਼ਮਾਨੇ ਭਰ ਦੇ ਨੇ।
ਕੁਝ ਹੰਝੂਆਂ ਵਿਚ ਡੁੱਬ ਗਏ ਕੁਝ ਤਰਦੇ ਨੇ।

ਇਸ਼ਕ ਸਮੁੰਦਰ ਦੇ ਵਿਚ ਬੇੜੀ ਜਿੰਨ੍ਹਾਂ ਦੀ,
ਉਹ ਰਹਿੰਦੇ ਘਾਟ ਅਤੇ ਨਾ ਘਰ ਦੇ ਨੇ।

ਕੱਲਿਆਂ ਬਹਿ ਕੇ ਜਦ ਓਸ ਨੂੰ ਯਾਦ ਕਰਾਂ,
ਹਾਸੇ ਮੇਰੇ ਤਦ ਹਟਕੋਰੇ ਭਰਦੇ ਨੇ।

ਮੈਂ ਗੱਲ ਜਾਣਾ ਤੇਰੀ, ਤੂੰ ਮੇਰੇ ਦਿਲ ਦੀ,
ਦੱਸ ਫਿਰ ਕਿਉਂ ਵਿਚ ਅਸਾਂ ਦੇ ਪਰਦੇ ਨੇ ?

'ਅਸ਼ੋਕ' ਇਸ਼ਕ ਦੀ ਬਾਜ਼ੀ ਕੈਸੀ ਬਾਜ਼ੀ ਹੈ,
ਉਹੀ ਇਸ ਨੂੰ ਜਿੱਤਦੇ ਜਿਹੜੇ ਹਰਦੇ ਨੇ।



# ਇਸ਼ਕੇ ਦਾ ਰੰਗ ਚੜ੍ਹਿਆ

ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

ਮੈਂ ਦੁਨੀਆ ਤੋਂ ਹੋ ਗਈ ਵੱਖਰੀ,
ਰਾਂਝਾ ਕੋਲ ਜਦ ਖੜ੍ਹਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

ਮੇਰੀ ਦਿਲ ਦੀ ਪੀੜ ਅਵੱਲੀ,
ਮੈਂ ਹੀ ਜਾਣਾ ਅੜ੍ਹਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

ਇਸ਼ਕੇ ਦਾ ਜਦ ਭਾਂਬੜ ਮੱਚਿਆ,
ਅੰਗ-ਅੰਗ ਮੇਰਾ ਸੜਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

ਪ੍ਰੇਮ ਦੇ ਢਾਈ ਅੱਖਰ ਪੜ੍ਹ ਲਏ,
ਹੋਰ ਨਾ ਜਾਵੇ ਪੜ੍ਹਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

ਮੇਰਾ ਰਾਂਝਣ ਯਾਰ ਨਗੀਨਾ,
ਮੈਂ ਮੁੰਦੀ ਦੇ ਵਿਚ ਜੜ੍ਹਿਆ।
ਨੀ ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।
ਅੱਜ ਮੈਨੂੰ ਇਸ਼ਕੇ ਦਾ ਰੰਗ ਚੜ੍ਹਿਆ।

# ਕਿੱਦਾਂ ਭੁੱਲ ਬਖ਼ਸ਼ਾਵਾ

ਕਿੱਦਾਂ ਭੁੱਲ ਬਖਸ਼ਾਵਾਂ ਨੀ ਮੈਂ ਕਿਦਾ ਭੁੱਲ ਬਖ਼ਸ਼ਾਵਾਂ,
ਸੱਜਣ ਮੇਰਾ ਨਖ਼ਰਿਆਂ ਵਾਲਾ ਰੁੱਸ ਗਿਆ ਕਿਵੇਂ ਮਨਾਵਾਂ ?
ਕਿੱਦਾਂ ਭੁੱਲ ਬਖਸ਼ਾਵਾਂ ਨੀ ਮੈਂ ਕਿੱਦਾਂ ਭੁੱਲ ਬਖਸ਼ਾਵਾਂ ?

ਲੁੱਟ ਕੇ ਲੈ ਗਿਆ ਮੇਰੇ ਹਾਸੇ,
ਉਹੀ ਦਿਸਦਾ ਸਾਰੇ ਪਾਸੇ।
ਗਿਆ ਕਿੱਧਰ ਨੂੰ ਸੱਜਣ ਮੇਰਾ ? ਪਤਾ ਨਹੀਂ ਸਿਰਨਾਵਾਂ।
ਕਿੱਦਾਂ ਭੁੱਲ ਬਖਸ਼ਾਵਾਂ ਨੀ ਮੈਂ ਕਿੱਦਾਂ ਭੁੱਲ ਬਖਸ਼ਾਵਾਂ ?

ਉਸ ਬਾਝੋਂ ਕੋਈ ਨਾ ਦਰਦੀ,
'ਕੱਲੀ ਜਿੰਦ ਹਟਕੋਰੇ ਭਰਦੀ।
ਝੋਲੀ ਵਿਚ ਮੇਰੇ ਪਾ ਕੇ ਤੁਰ ਗਿਆ ਹੰਝੂ, ਹਾਉਂਕੇ, ਹਾਵਾਂ।
ਕਿੱਦਾਂ ਭੁੱਲ ਬਖਸ਼ਾਵਾਂ ਨੀ ਮੈਂ ਕਿੱਦਾਂ ਭੁੱਲ ਬਖਸ਼ਾਵਾਂ ?

ਇਕ ਵਾਰੀ ਤੂੰ ਆ ਜਾ ਸੱਜਣਾ,
ਏਨੀ ਦੇ ਸਜ਼ਾ ਨਾ ਸੱਜਣਾ।
'ਅਸ਼ੋਕ' ਮੈਂ ਦਰਦ ਵਿਛੋੜੇ ਵਾਲੀਆਂ, ਝੱਲਾਂ ਸਖ਼ਤ ਸਜ਼ਾਵਾਂ।
ਕਿੱਦਾਂ ਭੁੱਲ ਬਖਸ਼ਾਵਾਂ ਨੀ ਮੈਂ ਕਿੱਦਾਂ ਭੁੱਲ ਬਖਸ਼ਾਵਾਂ ?
ਸੱਜਣ ਮੇਰਾ ਨਖ਼ਰਿਆਂ ਵਾਲਾ ਰੁੱਸ ਗਿਆ ਕਿਵੇਂ ਮਨਾਵਾਂ ?



# ਗਾਨੀਂ ਰਾਂਝਣ ਦੀ ਲੱਗਦੀ ਬੜੀ ਪਿਆਰੀ।

ਗਾਨੀਂ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਗਾਨੀਂ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਨੂੰ ਮੇਰੀਆਂ ਸਖੀਆਂ,
ਵੇਖਣ ਵਾਰੀ-ਵਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਮੈਂ ਗਾਨੀ ਨੂੰ ਪਾਉਣ ਤੋਂ ਪਹਿਲਾ,
ਫਿਰਦੀ ਸਾਂ ਹੰਕਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਨੂੰ ਪਾ ਕੇ ਲਾਂਵਾਂ,
ਮਾਨ ਸਰਾ ਵਿਚ ਤਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਮੁਸ਼ਕਿਲ ਨਾਲ ਮਿਲਦੀ,
ਮਿਲਦੀ ਨਹੀਂ ਉਧਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਤੇ ਸਾੜਾ ਕਰਦੀ,
ਦੁਨੀਆਂ ਸਾੜਿਆ ਮਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਨੂੰ ਜਦ ਵੀ ਪਾਵਾਂ,
ਮੈਨੂੰ ਚੜ੍ਹੇ ਖ਼ੁਮਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਨੂੰ ਪਾ ਕੇ ਲੱਗਦੀ,
ਦੁਨੀਆਂ ਪਿਆਰੀ-ਪਿਆਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਇਹ ਗਾਨੀ ਮੈਨੂੰ ਰੱਬ ਮਿਲਾਇਆ,
ਮੈਂ ਪਹਿਲਾ ਸੀ ਸੰਸਾਰੀ। ਗਾਨੀ ਰਾਂਝਣ ਦੀ ਲੱਗਦੀ ਬੜੀ ਪਿਆਰੀ।
ਮੈਂ ਤੇ ਰਾਂਝਣ ਇਕ ਹੋ ਗਏ,
ਪੱਕੀ ਹੋ ਗਈ ਯਾਰੀ।
ਗਾਨੀ ਇਸ਼ਕੇ ਦੀ ਗਲ ਦੇ ਵਿਚ ਸ਼ਿੰਗਾਰੀ
ਗਾਨੀ ਇਸ਼ਕੇ ਦੀ....................

## ਹਾਕਾਂ ਘਰ ਵੱਜੀਆਂ

ਹੱਸ ਖੇਡ ਕੇ, ਨੱਚ ਟੱਪ ਕੇ,
ਉਮਰ ਬਿਤਾਈ ਸਾਰੀ,
ਹਾਕਾਂ ਘਰ ਵੱਜੀਆਂ
ਕਰ ਲੈ ਜਾਣ ਦੀ ਤਿਆਰੀ।
ਹਾਕਾਂ ਘਰ..................
ਰੰਗ ਸੀ ਸੋਹਣਾ, ਰੂਪ ਸੀ ਸੋਹਣਾ,
ਫਿਰਦੀ ਮੈਂ ਹੰਕਾਰੀ।
ਹਾਕਾਂ ਘਰ ਵੱਜੀਆਂ
ਕਰ ਲੈ ਜਾਣ ਦੀ ਤਿਆਰੀ।
ਹਾਕਾਂ ਘਰ..................
ਕੰਮ ਨਾ ਕੀਤਾ, ਕਾਰ ਨਾ ਕੀਤਾ,
ਕੀਤੀ ਤੂੰ ਸਰਦਾਰੀ।
ਹਾਕਾਂ ਘਰ ਵੱਜੀਆਂ
ਕਰ ਲੈ ਜਾਣ ਦੀ ਤਿਆਰੀ।
ਹਾਕਾਂ ਘਰ..................
ਪੁੰਨ ਨਾ ਕੀਤਾ, ਦਾਨ ਨਾ ਕੀਤਾ,
ਉਮਰ ਲੰਘਾਈ ਸਾਰੀ।
ਹਾਕਾਂ ਘਰ ਵੱਜੀਆਂ
ਕਰ ਲੈ ਜਾਣ ਦੀ ਤਿਆਰੀ।
ਹਾਕਾਂ ਘਰ..................
'ਅਸ਼ੋਕ' ਸੰਭਲ ਜਾ ਇਹ ਜ਼ਿੰਦਗੀ ਤੈਨੂੰ,
ਮਿਲਣੀ ਨਹੀਂ ਉਧਾਰੀ,
ਰੂਹ ਤੇਰੀ ਦਾ ਭੌਰ ਵੇਖ ਲੈ,
ਜਾਣਾ ਮਾਰੀ ਉਡਾਰੀ,
ਇਹ ਤਨ ਤੇਰਾ ਰਾਖ਼ ਦੀ ਮੁੱਠੀ,
ਉਹ ਵੀ ਜਾਣੀ ਖਿਲਾਰੀ,
ਲਿਖਣੇ ਦੀ ਤੂੰ ਜਾਂਚ ਨਾ ਜਾਣੇ,
ਬਣਿਆ ਫਿਰੇਂ ਲਿਖਾਰੀ,
ਹਾਕਾਂ ਘਰ ਵੱਜੀਆਂ
ਕਰ ਲੈ ਜਾਣ ਦੀ ਤਿਆਰੀ।
ਹਾਕਾਂ ਘਰ..................

**ਅਸ਼ੋਕ ਕੁਮਾਰ**
#19491, ਗਲੀ ਨੰ:3, ਅਜੀਤ ਰੋਡ, ਬਠਿੰਡਾ 151001
ਮੋਬਾ: 085678-00039, 094170-94555





**ਅਮਿਤਾਸ**

ਵਾਂਗ ਹਵਾ ਦੇ ਆਇਆ ਕਰ!

ਬਹੁਤਾ ਨਾ ਤਰਸਾਇਆ ਕਰ!

ਫੁੱਲਾਂ ਦੀ ਖ਼ੁਸ਼ਬੂ ਦੇ ਵਾਂਗਰ,

ਸਾਹਾਂ ਵਿੱਚ ਵਸ ਜਾਇਆ ਕਰ!

ਦੇਖੀਂ ਕਿਤੇ ਗੁਆ ਨਾ ਬੈਠੀਂ

ਐਵੇਂ ਨਾ ਅਜ਼ਮਾਇਆ ਕਰ!

ਭੌਰੇ ਗ਼ਲਤੀ ਖਾ ਜਾਵਣਗੇ,

ਖ਼ੁਦ ਨੂੰ ਨਾ ਮਹਿਕਾਇਆ ਕਰ!

ਖ਼ਾਬਾਂ ਅੰਦਰ ਆ ਕੇ ਮੇਰੇ,

ਗ਼ਜ਼ਲ ਕੋਈ ਲਿਖਵਾਇਆ ਕਰ!

ਦੇਖ ਮੈਨੂੰ ਜੋ ਰਸਤੇ ਬਦਲਦੇ ਰਹੇ, ਮੇਰੀਆਂ ਪੈੜਾਂ ਤੇ ਚੱਲਦੇ ਨਜ਼ਰ ਆਉਣਗੇ !

ਮੇਰੇ ਸੁਪਨੇ ਅਧੂਰੇ ਜੋ ਰਹਿ ਜਾਣਗੇ, ਬਣਕੇ ਦੀਵੇ ਉਹ ਬਲਦੇ ਨਜ਼ਰ ਆਉਣਗੇ !

ਮੇਰੇ ਵਰਗੇ ਜੋ ਕਿਰਤੀ ਨੇ ਲੜਦੇ ਅਜੇ, ਵੱਡਾ ਜਿਗਰਾ ਕਰੋ ਨਾਲੇ ਦੇਖੋ ਜ਼ਰਾ,

ਬਾਗ ਸਿੰਜਣਗੇ ਆਪਣੇ ਲਹੂ ਨਾਲ ਤੇ, ਪੀੜ ਪਿੰਡੇ ਤੇ ਝੱਲਦੇ ਨਜ਼ਰ ਆਉਣਗੇ !

ਹਾਲੇ ਆਇਆ ਸਮਾਂ ਉਹ ਅਸਾਡਾ ਨਹੀਂ, ਬਹਿ ਕੇ ਚਾਨਣ ਤੇਰਾ ਮਾਣੀਏ ਜ਼ਿੰਦਗੀ,

ਚੜ੍ਹਦਾ ਸੂਰਜ ਵੀ ਬਣਨਾ ਉਹਨਾ ਨੇ ਜੋ ਅੱਜ, ਸ਼ਾਮ ਹੋਈ ਤੇ ਢਲਦੇ ਨਜ਼ਰ ਆਉਣਗੇ !

ਹਾਸੇ ਚਿਹਰੇ ਤੇ ਦਿਨ ਨੂੰ ਸਜਾ ਕੇ ਸਦਾ, ਪਾਣੀ ਰਾਤਾਂ ਨੂੰ ਪੀ ਕੇ ਜੋ ਸੌਂ ਜਾਂਦੇ ਨੇ,

ਕੁਝ ਸਮਾਂ ਤੇ ਦਿਓ, ਇਹ ਬਹਾਦਰ ਬੜੇ, ਕਾਫਲੇ ਨਾਲ ਰਲਦੇ ਨਜ਼ਰ ਆਉਣਗੇ !

ਮੇਰੇ ਬਾਪੂ ਦੇ ਮੁੜ੍ਹਕੇ ਦੀ ਖੁਸ਼ਬੂ ਸਦਾ, ਮੇਰੇ ਸਾਹਾਂ ਤੇ ਪਹਿਰਾ ਵੀ ਦਿੰਦੀ ਰਹੂ,

ਮੈਨੂੰ ਰੋਟੀ 'ਚੋਂ ਹਾਲੇ ਵੀ ਦਿਸਣੀ ਹੈ ਮਾਂ, ਨਾਲੇ ਪੋਟੇ ਵੀ ਜਲਦੇ ਨਜ਼ਰ ਆਉਣਗੇ !



ਆਪਣੇ ਲਹੂ ਨੂੰ ਬਾਲ ਕੇ ਰੁਸ਼ਨਾ ਲਵਾਂਗੇ ਜ਼ਿੰਦਗੀ !

ਕਿਰਤੀ ਹਾਂ ਅਸੀਂ ਦੋਸਤੋ, ਗਲ ਲਾ ਲਵਾਂਗੇ ਜ਼ਿੰਦਗੀ !

ਹਰ ਮੋੜ ਤੇ ਮਿਲੀ ਏਂ, ਤੂੰ ਸੂਲਾਂ ਦਾ ਹਾਰ ਲੈ ਕੇ,

ਸੀਨੇ 'ਚ ਹੌਸਲਾ ਬੜਾ ਅਪਣਾ ਲਵਾਂਗੇ ਜ਼ਿੰਦਗੀ !

ਵਾਅਦਾ ਹੈ ਤੇਰੀ ਅੱਖ ਵਿੱਚ ਅੱਖ ਪਾ ਕੇ ਦੇਖਣਾ,

ਪਰਦਾ ਵੀ ਤੇਰੇ ਮੁੱਖ ਤੋਂ ਸਰਕਾ ਲਵਾਂਗੇ ਜ਼ਿੰਦਗੀ !

ਮਿੱਟੀ 'ਚ ਮਿੱਟੀ ਹਾਂ ਪਰ, ਸੀਨੇ 'ਚ ਅੱਗ ਬਲਦੀ,

ਬੀਤੇ 'ਚ ਹੋਈ ਲੁੱਟ ਦਾ ਬਦਲਾ ਲਵਾਂਗੇ ਜ਼ਿੰਦਗੀ !

ਹੱਥਾਂ 'ਚ ਫੁੱਲ ਲੇ ਕੇ, ਕੰਡਿਆਂ ਤੇ ਚੱਲੋ, ਕਹਿੰਦਾ,

ਸਮੇਂ ਦਾ ਇਹ ਜ਼ੁਲਮ ਵੀ ਅਜ਼ਮਾ ਲਵਾਂਗੇ ਜ਼ਿੰਦਗੀ !

ਵਕਤ ਨੇ ਫੇਰ ਅੱਜ ਕੋਈ ਨਵੀਂ ਸਾਜਿਸ਼ ਘੜੀ ਲੱਗਦੀ!

ਜ਼ਿੰਦਗੀ ਫੇਰ ਮਸਲਾ ਦੋ ਰੋਟੀਆਂ ਦਾ ਲੈ ਖੜ੍ਹੀ ਲੱਗਦੀ!

ਸਿਰ ਤੇ ਛੱਤ ਹੋਈ ਜਾਂ ਨਾ ਹੋਈ ਸਭ ਇੱਕ ਬਰਾਬਰ ਏ,

ਲੁਕਣ ਨੂੰ ਥਾਂ ਨਹੀਂ ਮਿਲਦੀ ਜਦੋਂ ਅਕਸਰ ਝੜੀ ਲੱਗਦੀ!

ਪਾਟੇ ਕੱਪੜੇ, ਛੋਟੀ ਬੇਸ਼ੱਕ ਹੈ ਉਮਰ ਉਸ ਦੀ, ਪਰ,

ਉਹਨੇ ਤਸਵੀਰ ਖਾਬਾਂ ਦੀ ਹੈ ਨੈਣਾਂ ਵਿੱਚ ਜੜੀ ਲੱਗਦੀ!

ਕੀ ਪਤਾ ਵਰਸਣਾ ਕਿ ਫਿਰ ਦਿਲਾਸਾ ਦੇ ਕੇ ਤੁਰ ਜਾਊ,

ਥਲ ਹੁਣ ਖ਼ੁਸ਼ ਬੜਾ ਕਾਲੀ ਘਟਾ ਫਿਰ ਤੋਂ ਚੜ੍ਹੀ ਲੱਗਦੀ!

ਗ਼ੁਲਾਮੀ ਕੱਟ ਰਿਹਾ ਨੈਣਾਂ 'ਚ ਭਾਂਬੜ ਲੈ ਕੇ ਜੋ, ਉਸ ਨੇ,

ਇਬਾਰਤ ਵਕਤ ਦੇ ਸੀਨੇ ਲਿਖੀ ਲਾਜ਼ਿਮ ਪੜ੍ਹੀ ਲੱਗਦੀ!



ਚਿਰਾਗਾਂ ਨੂੰ ਬੁਝਾਇਆ ਹੈ ਕਿਸੇ ਨੇ ਦੇਖ ਲਓ ਆ ਕੇ!

ਹਨ੍ਹੇਰਾ ਘਰ ਬੁਲਾਇਆ ਹੈ ਕਿਸੇ ਨੇ ਦੇਖ ਲਓ ਆ ਕੇ!

ਫੁੱਲਾਂ ਦੀ ਜਗ੍ਹਾ ਗੁਲਸ਼ਨ 'ਚ ਕੰਡੇ ਕੌਣ ਧਰ ਗਿਆ?

ਵੀਰਾਨਾ ਗਲ ਲਗਾਇਆ ਹੈ ਕਿਸੇ ਨੇ, ਦੇਖ ਲਓ ਆ ਕੇ!

ਹੁਣ ਤੇ ਸ਼ੀਸ਼ੇ 'ਚ ਖੁਦ ਨੂੰ ਦੇਖ ਕੇ ਉਹ ਡਰ ਜਿਹਾ ਜਾਂਦਾ,

ਇਕੱਲੇ ਯੁੱਗ ਬਿਤਾਇਆ ਹੈ ਕਿਸੇ ਨੇ, ਦੇਖ ਲਓ ਆ ਕੇ!

ਡਾਰ ਹੰਝੂਆਂ ਦੀ ਉਸ ਦੇ ਨੈਣ ਸਦੀਆਂ ਤੋਂ ਸਜਾ ਬੈਠੇ,

ਸਮੇਂ ਨੂੰ ਅਜ਼ਮਾਇਆ ਹੈ ਕਿਸੇ ਨੇ ਦੇਖ ਲਓ ਆ ਕੇ!

ਵਾਕਫ ਸੀ ਹਸ਼ਰ ਤੋਂ ਕਤਲ ਹੋਵਣ ਹੀ ਉਹ ਆਇਆ ਸੀ,

ਕਫਨ ਹੱਥੀਂ ਬਣਾਇਆ ਹੈ ਕਿਸੇ ਨੇ ਦੇਖ ਲਓ ਆ ਕੇ!

**-ਅਮਿਤਾਸ**
ਪਿੰਡ ਸੂੰਢ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਪਿੰਨ : 144503
ਮੋਬਾ: 85284-70984

## ਪੰਜਾਬੀ ਮਾਂ



ਅੰਮ੍ਰਿਤਪਾਲ ਸਿੰਘ

ਜਦ ਵੀ ਮੈਂ ਆਪਣੀ ਮਾਂ ਨੂੰ ਯਾਦ ਕਰਾਂ,
ਮੈਨੂੰ ਪੰਜਾਬੀ ਦੀ ਯਾਦ ਆ ਜਾਂਦੀ ਏ।
ਟੁੱਟ ਚੁੱਕੇ ਜੋ ਤੰਦ ਮਾਂ ਮੇਰੀ ਦੇ,
ਕੱਤੇ ਹੋਏ ਗਲੋਟ ਮੈਨੂੰ ਯਾਦ ਕਰਾ ਜਾਂਦੀ ਏ।
ਇਹ ਮਾਂ ਮੇਰੀ ਪੰਜਾਬੀ ਬੋਲੀ ਏ,
ਦੁਨੀਆਂ ਵਿਚ ਨਾਮ ਪੰਜਾਬੀ ਚਮਕਾ ਜਾਂਦੀ ਏ।
ਜਦ ਵੀ ਮੈਂ ਆਪਣੀ ਮਾਂ ਨੂੰ ਯਾਦ ਕਰਾਂ,
ਮੈਨੂੰ ਪੰਜਾਬੀ ਦੀ ਯਾਦ ਆ ਜਾਂਦੀ ਏ।
ਹੀਰਿਆਂ ਜੜ੍ਹੀ ਏ, ਮੋਤੀਆਂ ਤੋਂ ਵੀ ਚਿੱਟੀ ਏ,
ਖੁਸ਼ਬੂਆਂ ਛੱਡਦੀ ਇਹ ਪੰਜਾਬ ਦੀ ਲਾਲ ਮਿੱਟੀ ਏ।
ਬਾਬਾ ਗੁਰਮੁਖ ਵੀ ਇਹ ਗੱਲ ਕਹਿ ਗਿਆ,
ਬਿਨ ਮਾਂ ਹਰ ਕੋਈ ਸਿੱਪੀਆਂ ਜੋਗਾਂ ਹੀ ਰਹਿੰਦਾ ਏ।
ਜਦ ਵੀ ਯਾਦ 'ਜਵਾਨ ਪੰਜਾਬ ਦੇ' ਪੂਰਨ ਦੀ ਆ ਜਾਂਦੀ ਏ,
ਮੈਨੂੰ ਪੰਜਾਬੀ ਦੀ ਬਹਾਦਰੀ ਚੇਤੇ ਆ ਜਾਂਦੀ ਏ।
ਜਦ ਵੀ ਮੈਂ ਆਪਣੀ ਮਾਂ ਨੂੰ ਯਾਦ ਕਰਾਂ,
ਮੈਨੂੰ ਪੰਜਾਬੀ ਦੀ ਯਾਦ ਆ ਜਾਂਦੀ ਏ।
ਪਹਿਲੀ ਮੂੰਹੋਂ ਨਿਕਲੀ ਸ਼ਬਦੀ ਬੋਲੀ ਏ ਸਾਡੀ,
ਬਾਕੀ ਸਭ ਦੂਰ ਦੀਆਂ ਮਾਂ ਮੇਰੀ ਤੋਂ ਫਾਡੀ।
ਜੋ ਆਪਣੀ ਮਾਂ ਦਾ ਨਾਂ ਹੋ ਸਕਿਆ ਇਸ ਜੱਗ ਤੇ,
ਉਹ ਦੂਜੀ ਦਾ ਦਾਗ਼ ਲਾ ਲੈਂਦੇ ਨੇ ਚਿੱਟੀ ਪੱਗ ਤੇ।
ਮਤਰੇਈ ਨੂੰ ਬੋਲਣਾ ਸੌਖਾ ਨਹੀਂ ਏ,
ਬੋਲਣ ਵੇਲੇ ਮਾਂ ਦਿਮਾਗੇ ਆ ਜਾਂਦੀ ਏ।
ਜਦ ਵੀ ਮੈਂ ਆਪਣੀ ਮਾਂ ਨੂੰ ਯਾਦ ਕਰਾਂ,
ਮੈਨੂੰ ਪੰਜਾਬੀ ਦੀ ਯਾਦ ਆ ਜਾਂਦੀ ਏ।



## ਦੇਬੀ ਸੁਣਦਾ ਹਾਂ

ਜਦ ਦਾ ਮੇਰਾ ਦਿਲ ਤੋੜਿਆ ਹੈ ਉਸ ਕਮਲੀ ਨੇ,
ਮੈਂ ਭੁੱਬਾਂ ਮਾਰਕੇ ਹਰ ਯਾਦ ਤੇ ਰੋਂਦਾ ਹਾਂ।
ਲੋਕੀਂ ਤਾਂ ਪੀਂਦੇ ਨੇ ਸ਼ਰਾਬ ਯਾਦਾਂ ਭੁਲਾਉਣ ਲਈ,
ਜਦ ਯਾਦ ਚੰਦਰੀ ਆਵੇ ਮੈਂ ਦੇਬੀ ਸੁਣਦਾ ਹਾਂ।
ਮੈਂ ਉਸ ਨੂੰ ਖੁਦਾ ਮੰਨਿਆ ਸੀ ਆਪਣੇ ਪਿਆਰ ਦਾ,
ਪਰ ਉਹ ਮੇਰਾ ਸਭ ਕੁਝ ਹੀ ਲੁੱਟ ਲੈ ਗਈ।
ਮਾਣ ਕੇ ਆਨੰਦ ਮੇਰੇ ਦਿੱਤੇ ਫੁੱਲਾਂ ਦਾ,
ਮੈਨੂੰ ਦੁਨੀਆਂ ਦਾ ਕੰਗਾਲ ਉਹ ਕਰ ਗਈ।
ਆ ਕੇ ਤੰਗ ਇਸ ਕੰਗਾਲੀ ਤੋਂ ਮੈਂ,
ਹੁਣ ਇਸ ਦੁਨੀਆਂ ਤੋਂ ਜਾਣ ਦੀ ਤਾਣੀ ਬੁਣਦਾ ਹਾਂ।
ਲੋਕੀਂ ਤਾਂ ਪੀਂਦੇ ਨੇ ਸ਼ਰਾਬ ਯਾਦਾਂ ਭੁਲਾਉਣ ਲਈ,
ਜਦ ਯਾਦ ਚੰਦਰੀ ਆਵੇ ਮੈਂ ਦੇਬੀ ਸੁਣਦਾ ਹਾਂ।
ਜਦ ਟੁੱਟਦੀ ਏ ਯਾਰੀ ਪਹਾੜ ਜੇਹਾ ਟੁੱਟ ਜਾਂਦਾ ਏ,
ਇਸ ਦੁੱਖਾਂ ਭਰੀ ਜ਼ਿੰਦਗੀ ਵਿਚ ਨਾ ਖਾਂਦਾ ਨਾ ਪੀਂਦਾ ਹੈ।
ਇਹ ਜ਼ਿੰਦਗੀ ਤਾਂ ਹੁਣ ਮੌਤੋਂ ਵੀ ਬੁਰੀ ਏ,
ਮੈਂ ਅੱਥਰੂਆਂ ਦੀ ਦਾਰੂ ਵਿੱਚ ਰੋਜ਼ ਰੁੜ੍ਹਦਾ ਹਾਂ।
ਲੋਕੀਂ ਤਾਂ ਪੀਂਦੇ ਨੇ ਸ਼ਰਾਬ ਯਾਦਾਂ ਭੁਲਾਉਣ ਲਈ,
ਜਦ ਯਾਦ ਚੰਦਰੀ ਆਵੇ ਮੈਂ ਦੇਬੀ ਸੁਣਦਾ ਹਾਂ।
ਲੋਕੀਂ ਤਾਂ ਪੀਂਦੇ ਨੇ ਸ਼ਰਾਬ ਯਾਦਾਂ ਭੁਲਾਉਣ ਲਈ,
ਜਦ ਯਾਦ ਚੰਦਰੀ ਆਵੇ ਮੈਂ ਦੇਬੀ ਸੁਣਦਾ ਹਾਂ।
ਕਦੇ-ਕਦੇ ਯਾਦ ਉਸ ਦੀ ਅੱਥਰੂ ਬਣ ਕੇ ਆਉਂਦੀ ਏ,
ਪਤਾ ਨਹੀਂ ਕਿਉਂ ਦਿਲ 'ਚੋਂ ਨਾ ਜਾਂਦੀ ਏ।
ਬਹੁਤੇ ਕਹਿੰਦੇ ਗੁੜ ਨਾਲੋਂ ਇਸ਼ਕ ਮਿੱਠਾ,
ਪਰ 'ਅੰਮ੍ਰਿਤ' ਨਾਮ ਮੁਹੱਬਤ ਤੋਂ ਵੀ ਚਿੜ੍ਹਦਾ ਹਾਂ।
ਲੋਕੀਂ ਤਾਂ ਪੀਂਦੇ ਨੇ ਸ਼ਰਾਬ ਯਾਦਾਂ ਭੁਲਾਉਣ ਲਈ,
ਜਦ ਯਾਦ ਚੰਦਰੀ ਆਵੇ ਮੈਂ ਦੇਬੀ ਸੁਣਦਾ ਹਾਂ।

# ਕਿੱਦਾਂ ਪੰਜਾਬ ਕਹਾਂ

ਨਸ਼ੇ ਦੇ ਵਗਦੇ ਦਰਿਆਵਾਂ ਦੀ ਧਰਤੀ ਨੂੰ,
ਦੱਸ ਕਿੱਦਾਂ ਮੈਂ ਪੰਜਾਬ ਕਹਾਂ।
ਕਦੇ ਸੀ ਸੋਨੇ ਦੀ ਚਿੜੀ ਜਿਹੜਾ,
ਉਹ ਅੱਜ ਚਿੱਟੇ ਪਾਊਡਰ ਦਾ ਅੱਡਾ ਏ।
ਜੋ ਸੀ ਕਦੇ ਬਹਾਦਰੀ ਦਾ ਪ੍ਰਤੀਕ,
ਉਹ ਅੱਜ ਨਸ਼ਿਆਂ ਵਿਚ ਸਭ ਤੋਂ ਵੱਡਾ ਏ।
ਇਸ ਤਰ੍ਹਾਂ ਦੇ ਡਰਾਉਣੇ ਸੁਪਨਿਆਂ ਨੂੰ,
ਕਿੱਦਾਂ ਮੈਂ ਕਿਸਮਤ ਦੇ ਖਾਬ ਕਹਾਂ।
ਨਸ਼ੇ ਦੇ ਵਗਦੇ ਦਰਿਆਵਾਂ ਦੀ ਧਰਤੀ ਨੂੰ,
ਦੱਸ ਕਿੱਦਾਂ ਮੈਂ ਪੰਜਾਬ ਕਹਾਂ।
ਲੀਡਰਾਂ ਨੇ ਲਾਹਾ ਖੱਟ ਲਿਆ ਏ,
ਵੋਟਾਂ ਲਈ ਨਵਾਂ ਕੰਮ ਲੱਭ ਲਿਆ ਏ।
ਕੁਝ ਨੇ ਵਪਾਰ ਨੂੰ ਇਸ ਨੂੰ ਬਣਾ ਲਿਆ,
ਇਸ ਵਿਚੋਂ ਨਫ਼ਾਂ ਜ਼ਿਆਦਾ ਲੱਭ ਲਿਆ ਏ।
ਕੋਈ ਕਿਸੇ ਦਾ ਵੀ ਮਿੱਤ ਨਹੀਂ ਅੱਜ,
ਕਿੱਦਾਂ ਮੈਂ ਇਸ ਨੂੰ 'ਅੰਨਦਾਤਾ' ਪੰਜਾਬ ਕਹਾਂ।
ਨਸ਼ੇ ਦੇ ਵਗਦੇ ਦਰਿਆਵਾਂ ਦੀ ਧਰਤੀ ਨੂੰ,
ਦੱਸ ਕਿੱਦਾਂ ਮੈਂ ਪੰਜਾਬ ਕਹਾਂ।
ਕੁਰਬਾਨੀਆਂ ਦੇ ਕੇ ਦੇਸ਼ ਦੀ ਆਜ਼ਾਦੀ ਲਈ,
ਜੋ ਸੀ ਕਦੇ ਸਭ ਤੋਂ ਮੋਹਰੀ।
ਅੱਜ ਚਿੱਟਿਆਂ ਨਸ਼ਿਆਂ ਦੀ ਧਰਤੀ ਬਣ,
ਨਸ਼ਿਆਂ ਦੀ ਤਸਕਰੀ ਦਾ ਹੈ ਉਹ ਮੋਹਰੀ।
ਕੋਈ ਵੀ ਵੱਡਾ ਅੱਜ ਰੋਕਦਾ ਨਹੀਂ ਜੜ੍ਹੋਂ,
ਕਿਵੇਂ ਮੈਂ ਸਿਸਟਮ ਨੂੰ ਖ਼ਰਾਬ ਕਹਾਂ।
ਨਸ਼ੇ ਦੇ ਵਗਦੇ ਦਰਿਆਵਾਂ ਦੀ ਧਰਤੀ ਨੂੰ,
ਦੱਸ ਕਿੱਦਾਂ ਮੈਂ ਪੰਜਾਬ ਕਹਾਂ।
ਬਹਾਦਰੀ ਦੀ ਗਥਾਵਾਂ ਲਈ ਸੀ ਮਸ਼ਹੂਰ ਜਿਹੜਾ,
ਹੱਦਾਂ ਸਰਹੱਦਾਂ ਦੀ ਸੀ ਚੰਗਾ ਰਾਖਾ ਜਿਹੜਾ।
ਅੱਜ ਬਾਬੇ ਦੀ ਕਿਤਾਬੀ ਕਵਿਤਾ ਹੈ,
ਕਦੇ ਕਰਦਾ ਸੀ ਮਾਣ ਜਵਾਨੀ ਤੇ ਜਿਹੜਾ।
ਜਿੱਥੇ 'ਅੰਮ੍ਰਿਤ' ਮਿਲਦਾ ਸੀ ਕਦੇ,
ਅੱਜ ਕਾਲੀਆਂ ਰਾਤਾਂ ਨੂੰ ਕਿਵੇਂ ਸੁਰਖਾਬ ਕਹਾਂ।
ਨਸ਼ੇ ਦੇ ਵਗਦੇ ਦਰਿਆਵਾਂ ਦੀ ਧਰਤੀ ਨੂੰ,
ਦੱਸ ਕਿੱਦਾਂ ਮੈਂ ਪੰਜਾਬ ਕਹਾਂ।



# ਮੈਂ ਬੂਟਾ ਹਾਂ

ਮੈਂ ਬੂਟਾ ਹਾਂ ਯਾਰੋ ਇਹਨਾਂ ਫਲਦਾਰ ਰੁੱਖਾਂ ਦਾ ਹਾਣੀ,
ਇਹ ਵਧ ਫੁੱਲ ਗਏ ਇਨ੍ਹਾਂ ਦੀ ਫੁੱਲਾਂ ਭਰੀ ਕਹਾਣੀ।
ਮੈਂ ਉਥੇ ਹੀ ਸੁੱਕ ਗਿਆ ਹਾਂ, ਮੇਰੀ ਸੜ੍ਹ ਗਈ ਜਵਾਨੀ,
ਮੈਂ ਬੂਟਾ ਹਾਂ ਯਾਰੋ ਇਹਨਾਂ ਫਲਦਾਰ ਰੁੱਖਾਂ ਦਾ ਹਾਣੀ,

ਕੁਝ ਚਾਅ ਸੀ ਜੋ ਨਾਲ ਜਵਾਨੀ ਦਿਲ ਮੇਰੇ ਦੇ ਵਿਚ ਉਠੇ,
ਇਹਨਾਂ ਚਾਵਾਂ ਨੂੰ ਪੂਰਨ ਲਈ ਮੇਰੇ ਪੈ ਗਏ ਕਰਮ ਸੀ ਪੁੱਠੇ।
ਰੱਬ ਵੀ ਮੁਕਰ ਗਿਆ ਮੈਨੂੰ ਯਾਰੋ ਜ਼ਿੰਦਗੀ ਦੇ ਕੇ,
ਹੈ ਜਿਸ ਦੀ ਅੱਜ ਨਰਕਾਂ ਭਰੀ ਕਹਾਣੀ।
ਮੈਂ ਬੂਟਾ ਹਾਂ ਯਾਰੋ ਇਹਨਾਂ ਫਲਦਾਰ ਰੁੱਖਾਂ ਦਾ ਹਾਣੀ,

'ਅੰਮ੍ਰਿਤ' ਇਹ ਦਿਨ ਹੀ ਤੇਰੇ ਨਹੀਂ ਹਨ ਜੋ ਹੋ ਗਏ ਨੇ ਪੁੱਠੇ,
ਕੁਝ ਸੱਜਣ ਮਿਲੇ ਸੀ ਜੋ ਵਾਂਗ ਅਦਬਾਲੀ ਨਾਲ ਮੇਰੇ ਅੱਜ ਰੁੱਠੇ।
ਰੱਬ ਨੇ ਤਾਂ ਮੈਨੂੰ ਪਹਿਲਾਂ ਹੀ ਮਾਰ ਦਿੱਤਾ ਸੀ,
ਅੱਜ ਸੱਜਣਾਂ ਵੀ ਦਿੱਤੀ ਮੈਨੂੰ ਨਿਸ਼ਾਨੀ।
ਮੈਂ ਬੂਟਾ ਹਾਂ ਯਾਰੋ ਇਹਨਾਂ ਫਲਦਾਰ ਰੁੱਖਾਂ ਦਾ ਹਾਣੀ।

## ਡਰ

ਹੈਰਾਨ ਹੋਇਆ ਜਦ ਆਪਣੇ ਕੰਨੀਂ ਸੁਣਿਆ ਮੈਂ,
ਅੱਗ ਲਾਉਣ ਵਾਲੇ ਵੀ ਡਰਦੇ ਨੇ ਤਾਅ ਕੋਲੋਂ।
ਲੁੱਟ-ਫੁੱਟ ਕੇ ਉਜਾੜ ਦੇਣਾ ਜਿਨ੍ਹਾਂ ਦਾ ਸ਼ੌਕ ਹੈ,
ਡਰਦੇ ਵੇਖਿਆ ਉਹਨਾਂ ਨੂੰ ਉਜਾੜ ਰਾਹਾਂ ਕੋਲੋਂ।
ਸੁਣਿਆ ਅੱਜ ਪੱਥਰ ਵੀ ਮੋਮ ਬਣ ਜਾਂਦੇ ਨੇ,
ਸੁੱਟਦਾ ਹੈ ਲਾਵਾ ਜਦੋਂ ਕੋਈ ਮਸਤ ਅਦਾਵਾਂ 'ਚੋਂ।
ਨਫ਼ਰਤ ਕਰਦੇ ਵੇਖਿਆ ਅਜਿਹੇ ਯਾਰਾਂ ਨੂੰ ਮੈਂ,
ਜੋ ਕਰਦੇ ਸੀ ਪਿਆਰ ਵੱਧ ਆਪਣੇ ਸਾਹਾਂ ਤੋਂ।
ਹੋਈ ਜਿਨ੍ਹਾਂ ਨੂੰ ਖ਼ੁਸ਼ੀ ਕਦੇ ਨਸੀਬ ਵੀ ਨਹੀਂ,
ਡਰਦੇ ਵੇਖੇ ਉਹ ਵੀ ਮੈਂ ਬਹੁਤੇ ਚਾਵਾਂ ਕੋਲੋਂ।
ਤੜਫਦੀਆਂ ਸੀ ਭੈਣਾਂ ਜੋ ਕਦੇ ਵੀਰ ਬਿਨਾਂ,
ਡਰਦੀਆਂ ਨੇ ਉਹ ਅੱਜ ਸਕੇ ਭਰਾਵਾਂ ਕੋਲੋਂ।
ਪਿਆਰ ਨਹੀਂ ਲੱਭਿਆ ਮੈਨੂੰ ਇਸ ਦੁਨੀਆਂ 'ਚੋਂ।
ਮਤਲਬੀ ਦਿਸਦੇ ਸਭ ਆਪਣੀਆਂ ਅਦਾਵਾਂ ਕੋਲੋਂ।
ਜਿਹੜੇ ਅਸਮਾਨਾ 'ਚੋਂ ਸੀ ਬੇਖੌਫ਼ ਸ਼ਿਕਾਰ ਕਰਦੇ,
ਉਹ ਵੀ ਡਰਦੇ ਵੇਖੇ ਤੇਜ਼ ਮਸਤ ਹਵਾਵਾਂ ਕੋਲੋਂ।
ਮਹਾਂਬਲੀ ਸੀ ਜੋ ਕਹਾਉਂਦੇ ਆਪਣੇ ਆਪ ਨੂੰ,
ਡਰੇ ਹੋਏ ਦੇਖੇ ਕਾਲੀਆਂ ਮੋਤੀ ਘਟਾਵਾਂ ਕੋਲੋਂ।

**-ਅੰਮ੍ਰਿਤਪਾਲ ਸਿੰਘ**
ਪੁੱਤਰ ਸ: ਬਲਦੇਵ ਸਿੰਘ
ਪਿੰਡ ਬੰਘੀ ਦੀਪਾ ਸਿੰਘ, ਡਾਕ : ਰਾਮਾਂ ਜ਼ਿਲ੍ਹਾ ਬਠਿੰਡਾ
ਪਿੰਨ : 151301, ਮੋਬਾ: 94179-75704





**ਅਵਤਾਰ ਸਿੰਘ ਮਾਨ**

## ਰਿਸ਼ਤੇ

ਸ਼ੀਸ਼ਿਆਂ ਦੇ ਘਰਾਂ 'ਚ ਤਿੜਕੇ ਰਿਸ਼ਤੇ,
ਮੋਹ ਮੁਹੱਬਤਾਂ ਦੇ ਪੰਧ ਤੋਂ ਥਿੜਕੇ ਰਿਸ਼ਤੇ,
ਗਰਜਾਂ ਦੀ ਕੋਠੀ 'ਚ ਜਾ ਲੁਕੇ ਨੇ,
ਕਿਸੇ ਚੰਦਰੇ ਨੇ ਹਨ ਝਿੜਕੇ ਰਿਸ਼ਤੇ,
ਪਿਆਰ ਦਾ ਮੱਖਣ ਨਾ ਭਰੱਪਣ ਦੀ ਲੱਸੀ ਮਿਲੇ,
ਵਕਤ ਨੇ ਕੁਝ ਇਸ ਤਰ੍ਹਾਂ ਰਿੜਕੇ ਰਿਸ਼ਤੇ,
ਅਸੀਂ ਆਪਾਂ ਦਾ ਸੁਰ ਗਵਾਚ ਗਿਆ,
ਮੈਂ ਮੇਰੀ ਦੀ ਤਾਲ ਤੇ ਥਿਰਕੇ ਰਿਸ਼ਤੇ,
ਹਰ ਮਸ਼ੀਨੀ ਵਸਤ ਮਿਲੇ ਇੱਛਾ ਇਹੋ,
ਪਦਾਰਥਾਂ ਦੀ ਦਲਦਲ 'ਚ ਤਿਲਕੇ ਰਿਸ਼ਤੇ।

# ਕਤਲ

ਕਿੱਥੇ ਕਰਾਂ ਅਪੀਲ ਹੋਵੇ ਹਸਰਤਾਂ ਦਾ ਕਤਲ,
ਕੋਠੀਆਂ ਪਾ ਕਰ ਬੈਠੇ ਹਾਂ ਘਰਾਂ ਦਾ ਕਤਲ,
ਮਾਰੂਥਲ 'ਚ ਪਾਵੇ ਸਬਜ਼ਬਾਗ ਦੀ ਬਾਤ,
ਪੰਛੀਆਂ ਨੂੰ ਅਕਾਸ਼ ਬਖਸ਼ੇ ਕਰ ਪਰਾਂ ਦਾ ਕਤਲ,
ਰੰਬੀਆਂ, ਆਰੀਆਂ, ਸੂਲ੍ਹੀਆਂ ਇੱਕੋ ਘਰ ਜਾਈਆ,
ਮੁਹੱਬਤਾਂ ਮਾਰਨ, ਨਾ ਕਰਦੀਆਂ ਨਫ਼ਰਤਾਂ ਦਾ ਕਤਲ,
ਕਿਹੜੀ ਧਾਰਾ ਲੱਗੇ ਇਸ ਵਿਸ਼ਵ ਬਾਜ਼ਾਰ ਤੇ,
ਦਿਨ ਦਿਹਾੜੇ ਕਰੇ ਮਾਸੂਮ ਫ਼ਸਲਾਂ ਦਾ ਕਤਲ,
ਮੰਦਰੀਂ ਟੱਲ ਖੜਕਾਇਆਂ, ਦੇਵੀ ਖ਼ੁਸ਼ ਨਹੀਂ ਹੋਣਾ,
ਕੁੱਖਾਂ 'ਚ ਹੋਵੇਗਾ ਜਦ ਤੱਕ ਕੰਜਕਾਂ ਦਾ ਕਤਲ।



# ਮੇਰੇ ਗੀਤਾਂ 'ਚ

ਮੇਰੇ ਗੀਤਾਂ 'ਚ ਰਾਂਝਾ ਮੱਝੀਆਂ ਨਾ ਚਾਰੇ,
ਨਾ ਕੋਈ ਸਾਹਿਬਾਂ ਮਿਰਜ਼ੇ ਦੇ ਤੀਰ ਤੋੜੇ,
ਨਾ ਇਹਨਾਂ 'ਚ ਨੀਲੇ, ਨਸ਼ੀਲੇ ਮਤਵਾਲੇ ਨੈਣ ਨੇ,
ਨਾ ਕੋਈ ਮਟਕ ਹੁਲਾਰੇ ਦੇ ਲੱਕ ਨੂੰ ਮਰੋੜੇ,
ਇਹ ਤਾਂ ਬਾਪ ਨੇ ਪਾਉਂਦੇ ਸੱਚੀ ਤੇ ਸੁੱਚੀ,
ਸੋਚ ਇਹ ਰੱਖਦੇ ਨੇ ਬੜੀ ਉੱਤਮ ਤੇ ਉੱਚੀ,
ਇਹ ਕਹਿਣ ਕਹਾਣੀ ਉਸ ਇਨਸਾਨ ਦੀ ਰੋਜ਼ ਜੋ,
ਦੋ ਡੰਗ ਰੋਟੀ ਲਈ ਪਸੀਨੇ ਦੀ ਥਾਂ ਰੱਤ ਨਿਚੋੜੇ।
ਦੱਸਣ ਇਹ ਮੇਰੇ ਦੇਸ਼ ਦਾ ਇਨਸਾਫ਼ ਹੈ ਚੰਗਾ,
ਹੈ ਉਸ ਦਾ ਗ਼ੁਲਾਮ ਜੋ ਜ਼ੋਰਾਵਰ ਹੈ ਬੰਦਾ,
ਚੁਰਾਸੀ ਦੇ ਮਾਰਿਆਂ ਤਾਂ ਚੁਰਾਸੀ ਵੀ ਕੱਟ ਲਈ ਹੋਣੀ ਏ,
ਦੋਸ਼ੀ ਹਾਲੇ ਤੀਕ ਫਿਰਦੇ ਨੇ ਆਜ਼ਾਦ ਦੌੜੇ।
ਅੰਮ੍ਰਿਤ ਜਿਹੇ ਪਾਣੀਆਂ 'ਚ ਜ਼ਹਿਰ ਮਿਲ ਗਿਆ ਹੈ,
ਪਾਕ ਪਿੰਡਾਂ 'ਚ ਪਤਿਤ ਜਿਹਾ ਸ਼ਹਿਰ ਮਿਲ ਗਿਆ ਹੈ,
ਕੀ ਤਾਏ ਭਤੀਜੇ ਰਿਸ਼ਤੇ ਸਭ ਖ਼ਾਕ ਨਾ ਹੋਏ,
ਕੁਰਸੀ ਲਈ ਭਜਾਈ ਫਿਰਦੇ ਨੇ ਆਪਣੇ ਆਪਣੇ ਘੋੜੇ।

# ਸੱਚ

ਐਵੇਂ ਕਿਤੇ ਨਾ ਕਹਿ ਬੈਠੀ ਸੱਚ,
ਗਿੱਲੇ ਕਾਨਿਆਂ ਦਾ ਵੀ ਭਾਂਬੜ ਜਾਣੈ ਮੱਚ,
ਮੁਗ਼ਲ ਅਫ਼ਗਾਨਾਂ, ਗੋਰਿਆਂ ਜੋ ਕੀਤੀ ਸੋ ਕੀਤੀ,
ਆਪਣੇ ਕਿਹੜਾ ਕਰ ਰਹੇ ਨੇ ਘੱਟ,
ਹੱਥ ਜੁੜੇ ਰਹਿਣ ਸ਼ਾਹੂਕਾਰਾਂ, ਬੈਂਕ ਮੁਲਾਜ਼ਮਾਂ ਅੱਗੇ,
ਬਸ ਗੀਤਾਂ 'ਚ ਹੀ ਲਲਕਾਰੇ ਮਾਰਦੈ ਜੱਟ,
ਬੜੀ ਭੋਲੀਏ ਜਨਤਾ ਜੋ ਚਾਹੇ ਲੁੱਟ ਲਵੇ,
ਤਾਂਹੀਓਂ ਚਮਕ ਰਹੀਏ ਬਾਬਿਆਂ ਦੀ ਹੱਟ,
ਸੱਪ ਦਾ ਕਰ ਲਈ ਵਿਸ਼ਵਾਸ, ਨੇਤਾ ਦਾ ਨਹੀਂ,
ਇਹ ਤਾਂ ਆਪੇ ਥੁੱਕ ਕੇ ਆਪੇ ਜਾਂਦੇ ਚੱਟ।



# ਕਦੇ ਕਦੇ

ਕਦੇ ਕਦੇ ਬੜਾ ਯਾਦ ਆਉਂਦਾ ਏ,
ਤੇਰਾ ਦੇਖਕੇ ਵੀ ਅਣਦੇਖ ਕਰਕੇ ਲੰਘ ਜਾਣਾ,
ਜਾਂ ਕਿਸੇ ਬਹਾਨੇ ਬਿਨਾਂ ਗੱਲ ਦੇ ਹੀ,
ਉਂਝ ਹੀ ਬੁਲਾ ਲੈਣਾ।
ਕਦੇ ਕਦੇ ਬੜਾ ਯਾਦ ਆਉਂਦਾ ਏ,
ਤੇਰਾ ਪਾਗ਼ਲ, ਝੱਲਾ, ਸ਼ੁਦਾਈ ਕਹਿਣਾ,
ਤੇ ਫਿਰ ਆਪੇ ਤਸਦੀਕ ਕਰਨਾ,
ਕਿ ਤੇਰਾ ਪਾਗ਼ਲਪਨ ਮੈਨੂੰ ਬਹੁਤ ਚੰਗਾ ਲੱਗਦੈ।
ਕਦੇ ਕਦੇ ਬੜਾ ਯਾਦ ਆਉਂਦਾ ਹੈ,
ਤੇਰਾ ਗਿੱਧੇ ਵਿੱਚ,
ਮੈਨੂੰ ਦੇਖ ਉਹ ਬੋਲੀ ਪਾਉਣਾ,
ਲੰਮੇ ਹੋਈਏ ਤਾਂ ਬੋਲੀ ਪਾਈਏ ਲਲਕਾਰ ਕੇ,
ਆਸ਼ਕਾਂ ਦਾ ਦਿਲ ਤੋੜ ਦਈਏ, ਅੱਡੀ ਮਾਰ ਕੇ,
ਕਦੇ ਕਦੇ ਬੜਾ ਯਾਦ ਆਉਂਦਾ ਏ।

**-ਅਵਤਾਰ ਸਿੰਘ ਮਾਨ**

ਪਤਾ : ਪਿੰਡ ਤੇ ਡਾਕ : ਗਾਜੇਵਾਸ
ਤਹਿ: ਸਮਾਣਾ ਜ਼ਿਲ੍ਹਾ ਪਟਿਆਲਾ (ਪੰਜਾਬ)
ਮੋਬਾ : 98723-94325


ਬਸੰਤ ਕੁਮਾਰ 'ਸ਼ਾਯਦ'

# ਧੀ

ਧੀ ਰੋਂਦੀ ਏ ਕੁਰਲਾਉਂਦੀ ਏ
ਜਦੋਂ ਮਾਪਿਆਂ ਦੇ ਘਰੋਂ ਜਾਂਦੀ ਏ,
ਵਰ੍ਹਿਆਂ ਦੇ ਸਾਥ ਨੂੰ ਛੱਡ ਕੇ ਉਹ
ਕੁੱਝ ਪਲ 'ਚ ਗੈਰ ਹੋ ਜਾਂਦੀ ਏ,
ਧੀ ਬਾਅਦ ਵਿਆਹ ਤੋਂ ਮਾਪਿਆਂ ਦੇ
ਘਰ ਆਉਂਦੀ ਜਾਂਦੀ ਰਹਿੰਦੀ ਏ,
ਸਭ ਕੁੱਝ ਤਾਂ ਅਜੇ ਵੀ ਉਹੀ ਏ
ਪਰ ਫਿਰ ਵੀ ਉਹ ਗੱਲ ਨਾ ਰਹਿੰਦੀ ਏ,
ਯਾਦ ਆਉਂਦੇ ਜਦੋਂ ਦਿਨ ਬਚਪਨ ਦੇ
ਉਦੋਂ ਅੱਖ ਓਹਦੀ ਭਰ ਜਾਂਦੀ ਏ,
ਵਰ੍ਹਿਆਂ ਦੇ..........
ਫਿਰ ਧੀ ਦੇ ਲਈ ਘਰ ਮਾਪਿਆਂ ਦਾ,
ਇਕ ਸੁਪਨਾ ਬਣ ਕੇ ਰਹਿ ਜਾਂਦਾ,
ਜਿਨੂੰ ਹੌਲੀ-ਹੌਲੀ ਭੁੱਲ ਜਾਂਦੀ
ਜਦੋਂ ਘਰ ਦਾ ਬੋਝ ਸਿਰ ਪੈ ਜਾਂਦਾ,
ਭਰ ਮਾਪਿਆਂ ਤੇ ਤੀਆਂ ਦੀ ਯਾਦ
ਓਹਨੂੰ ਅੰਦਰੋਂ-ਅੰਦਰੀਂ ਖ਼ਾਂਦੀ ਏ,
ਵਰ੍ਹਿਆਂ ਦੇ..........
ਰੱਬ ਨੇ ਇੰਝ ਧੀ ਦੇ ਲੇਖ ਲਿਖੇ
ਜੰਮਦੀ ਏ ਕਿਤੇ ਤੇ ਮਰੇ ਕਿਤੇ,
ਮਾਪਿਆਂ ਦੇ ਘਰ ਦੀ ਰਾਣੀ ਸੀ
ਜੋ ਦੁੱਖ ਜ਼ਰਦੀ ਰੱਬ ਜ਼ਰੇ ਕਿਤੇ,
"ਸ਼ਾਯਦ" ਵੇ ਰੱਬ ਇਹ ਕੀ ਜਾਣੇ
ਧੀ ਕਿੰਝ ਮਨ ਨੂੰ ਸਮਝਾਉਂਦੀ ਏ,
ਵਰ੍ਹਿਆਂ ਦੇ..........



# ਜ਼ਿੰਦਗੀ

ਔਖੇ-ਔਖੇ ਸਾਹ ਦੁੱਖਾਂ ਵਿਚ ਲੈ ਰਹੀ ਹੈ ਜ਼ਿੰਦਗੀ,
ਮੁੜਕੇ ਨਾ ਆਉਣਾ ਮੈਂ ਏਥੇ ਕਹਿ ਰਹੀ ਹੈ ਜ਼ਿੰਦਗੀ,
ਸੋਚਦੀ ਸੀ ਅੱਜ ਨਹੀਂ ਤੇ ਕੱਲ੍ਹ ਅਲੱਮ ਮੁੱਕ ਜਾਣਗੇ
ਦੁੱਖ ਨਾ ਮੁੱਕੇ ਆਖਰੀ ਸਾਹ ਲੈ ਰਹੀ ਹੈ ਜ਼ਿੰਦਗੀ,
ਵਾਸਤੇ ਜਿਨ੍ਹਾਂ ਦੇ ਰਸਤੇ ਨੇ ਤਰਾਸ਼ੇ ਰਾਤ ਦਿਨ
ਹੁਣ ਉਨ੍ਹਾਂ ਦੀ ਬੇਵਫ਼ਾਈ ਸਹਿ ਰਹੀ ਹੈ ਜ਼ਿੰਦਗੀ,
ਕਈਆਂ ਦੇ ਹੱਕ ਵਾਸਤੇ ਖੜ੍ਹਦੀ ਰਹੀ ਹਿੱਕ ਤਾਣ ਕੇ
ਮੇਰੇ ਲਈ ਹੁਣ ਹਰ ਕਦਮ ਤੇ ਬਹਿ ਰਹੀ ਹੈ ਜ਼ਿੰਦਗੀ,
ਹੋਸ਼ ਵਿੱਚ ਜਿਸ ਵਕਤ ਸੀ "ਸ਼ਾਯਦ" ਤੂੰ ਕਿਉਂ ਨਾ ਸਾਂਭਿਆ
ਹੁਣ ਤਾਂ ਜਿਸ ਪਾਸੇ ਵੀ ਜਾਂਦੀ ਖ਼ਹਿ ਰਹੀ ਹੈ ਜ਼ਿੰਦਗੀ,
ਹੋ ਗਏ ਕਾਫ਼ੀ ਵਰ੍ਹੇ ਚੱਲਦੀ ਰਹੀ ਇਹ ਖ਼ਾਕ ਤੇ
ਵੇਖ ਲਓ ਅੱਜ ਖ਼ਾਕ ਹੱਥੋਂ ਢਹਿ ਰਹੀ ਹੈ ਜ਼ਿੰਦਗੀ।

# ਕੀਮਤ

ਬੱਸ ਗੁਣਾਂ ਦੀ ਕੀਮਤ ਪੈਂਦੀ ਏ
ਇਨਸਾਨ ਦੀ ਕੀਮਤ ਕੁੱਝ ਵੀ ਨਹੀਂ,
ਜੇ ਕਿਸੇ ਦੇ ਵੀ ਕੰਮ ਆ ਨਾ ਸਕੀ
ਇਸ ਜਾਨ ਦੀ ਕੀਮਤ ਕੁੱਝ ਵੀ ਨਹੀਂ,
ਸਾਰੀ ਉਮਰ ਹਾਲਾਤ ਨਾ ਲੜ-ਲੜ ਕੇ
ਅੱਜ ਦੁਨੀਆਂ ਵਿੱਚ ਮਸ਼ਹੂਰ ਹੋਏ
ਮਾਂ-ਬਾਪ ਨੂੰ ਜੇ ਦਿਖਲਾ ਨਾ ਸਕੇ
ਇਸ ਸ਼ਾਨ ਦੀ ਕੀਮਤ ਕੁੱਝ ਵੀ ਨਹੀਂ
ਕੀਤਾ ਵੱਡਿਆਂ ਦਾ ਸਤਿਕਾਰ ਨਹੀਂ
ਨਾ ਪਿਆਰ ਦੇ ਬੋਲ ਹੀ ਬੋਲੇ ਨੇ
ਫਿਰ ਸੁਣ ਲੈ ਕਿਸੇ ਭਿਖਾਰੀ ਨੂੰ
ਦਿੱਤੇ ਦਾਨ ਦੀ ਕੀਮਤ ਕੁੱਝ ਵੀ ਨਹੀਂ,
ਜੋ ਦੌਲਤ ਦੀ ਆਕੜ ਕਰਕੇ
ਹਰ ਇਕ ਨੂੰ ਨੀਵਾਂ ਦਸਦੇ ਨੇ
ਐਸੇ ਲੋਕਾਂ ਦੀਆਂ ਨਜ਼ਰਾਂ ਵਿਚ
ਭਗਵਾਨ ਦੀ ਕੀਮਤ ਕੁੱਝ ਵੀ ਨਹੀਂ,
ਕਿਉਂ ਖ਼ੁਦ ਦੀ ਖ਼ੁਸ਼ੀ ਲਈ "ਸ਼ਾਯਦ" ਵੇ
ਤੂੰ ਕਿਸੇ ਨੂੰ ਠੇਸ ਪੁਚਾਈ ਏ
ਦੁੱਖ ਕਿਸੇ ਨੂੰ ਦੇ ਪੂਰਾ ਜੋ ਹੋਵੇ
ਅਰਮਾਨ ਦੀ ਕੀਮਤ ਕੁਝ ਵੀ ਨਹੀਂ,
ਪਿੰਡ ਦੇ ਸ਼ਮਸ਼ਾਨ ਤੇ ਛੱਤ ਹੀ ਨਹੀਂ,
ਸਭ ਆਪਣੀਆਂ ਜੇਬਾਂ ਭਰਦੇ ਨੇ
ਜੇ ਬਲਦੀ ਚਿਤਾ ਤੇ ਮੀਂਹ ਪੈ ਜਾਏ
ਸ਼ਮਸ਼ਾਨ ਦੀ ਕੀਮਤ ਕੁੱਝ ਵੀ ਨਹੀਂ।



ਦੁਨੀਆਂ ਦਾ ਬਦਲਾਵ ਮੇਰੇ ਤੋਂ ਜ਼ਰਿਆ ਨਹੀਂ ਜਾਂਦਾ,
ਸਮਝੌਤਾ ਇਸ ਬਦਲੇ ਜੱਗ ਨਾਲ ਕਰਿਆ ਨਹੀਂ ਜਾਂਦਾ,
ਧੋਖਾ ਕਰੇ ਕੋਈ ਤੇ ਕੋਈ ਇਲਜ਼ਾਮ ਮੜ੍ਹੇ ਸਿਰ ਤੇ
ਕਿਸੇ ਤੇ ਵੀ ਵਿਸ਼ਵਾਸ ਮੇਰੇ ਤੋਂ ਕਰਿਆ ਨਹੀਂ ਜਾਂਦਾ,
ਸਭ ਰਿਸ਼ਤੇ ਬਸ ਮਤਲਬ ਦੇ ਮਤਲਬ ਦੀ ਯਾਰੀ ਏ
ਝੂਠਿਆਂ ਲਈ ਇਹ ਜਿਗਰ ਤਲੀ ਤੇ ਧਰਿਆ ਨਹੀਂ ਜਾਂਦਾ,
ਇਸ਼ਕ ਹਕੀਕੀ ਕਰ ਕੇ ਵੀ ਨਾ ਯਾਰ ਲਈ ਮਰ ਸਕਿਆ
ਦਿਲ ਕਹਿੰਦਾ ਕਿਸੇ ਧੋਖੇਬਾਜ਼ ਲਈ ਮਰਿਆ ਨਹੀਂ ਜਾਂਦਾ,
ਪਿਆਰ ਦਾ ਦਾਅਵਾ ਕਰਦੇ ਸੀ ਜੋ ਉਹ ਬਦਲ ਗਏ
ਉਹ ਕੀ ਜਾਨਣ ਇਸ਼ਕ ਦੇ ਵਿਚ ਇੰਞ ਡਰਿਆ ਨਹੀਂ ਜਾਂਦਾ,
ਸਚਾਈ, ਇਮਾਨਦਾਰੀ ਤੇ ਪਿਆਰ ਦੀ ਥਾਂ ਖਾਲੀ
ਦੁਨੀਆਂ ਵਿਚ ਇਸ ਖਾਲੀ ਥਾਂ ਨੂੰ ਭਰਿਆ ਨਹੀਂ ਜਾਂਦਾ,
"ਸ਼ਾਯਦ" ਕੱਲਾ ਕਿੰਞ ਬਦਲੇ ਇਸ ਬਦਲੀ ਦੁਨੀਆਂ ਨੂੰ
ਬਿਨ੍ਹ ਕਸ਼ਤੀ ਇਹ ਸਾਗਰ ਲੰਬਾ ਤਰਿਆ ਨਹੀਂ ਜਾਂਦਾ।

ਮੰਦਾ ਬੋਲੀਏ ਨਾ, ਦਿਲਾਂ 'ਚ ਪਿਆਰ ਰੱਖੀਏ,
ਔਖੇ ਵੇਲੇ ਕੰਮ ਆਵੇ ਜਿਹੜਾ ਯਾਰ ਰੱਖੀਏ,
ਜਿੱਤ ਜਾਣਾ ਹਾਰ ਜਾਣਾ ਏਹੋ ਰੀਤ ਹੈ ਪੁਰਾਣੀ
ਬਸ ਖੇਡੀਏ ਜਦੋਂ ਵੀ ਚੇਤੇ ਹਾਰ ਰੱਖੀਏ,
ਬੰਦ ਹੋਣ ਨਾ ਨਿਗਾਹਾਂ ਨਾ ਕਦਮ ਰੁੱਕ ਜਾਵੇ
ਖੁਦ ਆਪਣੇ ਰਾਹਾਂ ਦੇ ਵਿਚ ਖ਼ਾਰ ਰੱਖੀਏ,
ਵੇਖ ਘਰ ਦੇ ਹਾਲਾਤ ਹੋਣ ਰੀਝਾਂ ਛੋਟੀਆਂ
ਐਵੇਂ ਮਾਪਿਆਂ ਦੇ ਸਿਰ ਤੇ ਨਾ ਭਾਰ ਰੱਖੀਏ,
ਨਾਮ ਕਿੰਨਾ ਵੀ ਕਮਾਈਏ ਤੇ ਕਮਾਈਏ ਧੰਨ ਵੀ
ਪਰ ਭੁੱਲੀਏ ਨਾ ਚੇਤੇ ਕਰਤਾਰ ਰੱਖੀਏ,
ਰੱਖੇ ਹੌਸਲੇ ਬੁਲੰਦ ਜੇ ਕਿਨਾਰੇ ਪੁੱਜਣਾ
ਇਸ ਪਾਰ ਹੋਈਏ ਸੋਚ ਉਸ ਪਾਰ ਰੱਖੀਏ
ਕਿੰਝ ਭਰ ਦਿੰਦੇ ਸ਼ਾਇਰ ਗੀਤਾਂ 'ਚ ਦੁੱਖਾਂ ਨੂੰ
ਜੇ ਹੈ ਜਾਨਣਾ ਦੁੱਖਾਂ ਦਾ ਨਾ ਕਰਾਰ ਰੱਖੀਏ,
ਜਾਤ ਸਭ ਦੀ ਹੈ ਇਕੋ ਤੇ ਇਕੋ ਹੀ ਰੱਬ ਹੈ
ਬਸ ਏਹੋ ਜਿਹੇ "ਸ਼ਾਯਦ" ਵਿਚਾਰ ਰੱਖੀਏ।


**ਬਸੰਤ ਕੁਮਾਰ 'ਸ਼ਾਯਦ'**
ਪੁੱਤਰ ਸ੍ਰੀ ਤਰਸੇਮ ਲਾਲ
ਮਕਾਨ ਨੰ: 1402, ਮੁਹੱਲਾ : ਕਨਿਆਵਾਲੀ,
ਗੜ੍ਹਾ ਅਰਬਨ ਅਸਟੇਟ ਫੇਜ਼-1,
ਪਿੰਨ : 144022, ਜਲੰਧਰ ਸ਼ਹਿਰ (ਪੰਜਾਬ)
ਮੋਬਾ: 098551-78626
e-mail- bkw.116-218@yahoo.com






**ਭਰਪੂਰ ਸਿੰਘ**

# ਸ਼ੇਅਰ

- ਅੱਖਾਂ 'ਚੋਂ ਹੰਝੂ ਕਿਰਦੇ ਨੇ,
  ਜਦ ਯਾਦ ਤੇਰੀ ਆ ਜਾਏ,
  ਲੋਕਾਂ ਦੇ ਭਾਣੇ ਹਾਸਾ ਏ,
  ਸਾਡੇ ਸੀਨੇ ਦਰਦ ਜਗਾ ਜਾਵੇ
- ਰੋਗ ਇਸ਼ਕ ਦਾ ਜਿਨ੍ਹਾਂ ਨੂੰ ਲੱਗ ਜਾਂਦਾ
  ਉਹ ਦੁਨੀਆਂ ਸਾਰੀ ਭੁਲਾ ਦਿੰਦੇ
  ਝੂਠੇ ਹੁਸਨ ਵਾਲਿਆਂ ਦੇ ਲਾਰਿਆਂ 'ਚ,
  ਆਪਣੇ ਆਪ ਨੂੰ ਵੀ ਗਵਾ ਦਿੰਦੇ।

- ਤੇਰੇ ਦਿੱਤੇ ਹੋਏ ਜ਼ਖਮਾਂ ਨੂੰ
  ਅਸੀਂ ਦਿਲ ਦੇ ਵਿੱਚ ਛੁਪਾ ਲਿਆ
  ਬੜੀ ਇੱਛਾ ਸੀ ਸਾਨੂੰ ਜਿਊਣੇ ਦੀ
  ਪਰ ਹੁਣ ਮੌਤ ਨੂੰ ਅਸੀਂ ਗਲ ਨਾਲ ਲਾ ਲਿਆ

- ਪਹਿਲਾਂ ਤਾਂ ਤੂੰ ਆਉਂਦੀ ਸੀ
  ਹੁਣ ਆਉਂਦੀ ਏ ਤੇਰੀ ਯਾਦ ਕੁੜੇ
  ਹੁਣ ਮਰਕੇ ਹੀ ਭੁੱਲੂ ਤੈਨੂੰ "ਭਰਪੂਰ" ਨੀ,
  ਜਦ ਰਾਖ ਸਿਵਿਆਂ 'ਚੋਂ ਉੱਡਗੀ ਲੈ ਕੇ ਸਾਰੇ ਰਾਜ ਕੁੜੇ।

# ਅਜਨਬੀ

ਖ਼ੁਆਬਾਂ ਦੇ ਵਿੱਚ ਨਿੱਤ ਤੇਰਾਂ ਦੀਦਾਰ ਕਰਾਂ,
ਟੁੱਟ ਜਾਵੇ ਨਾ ਖ਼ੁਆਬ ਮੇਰਾ ਇਸ ਗੱਲ ਤੋਂ ਡਰਾਂ,
ਮੈਂ ਡੁੱਬਣਾਂ ਹਾਂ ਚਾਹੁੰਦਾ ਵਿੱਚ ਤੇਰੇ ਨੈਣਾਂ ਦੀ ਨਦੀ,
ਮੈਨੂੰ ਮਿਲ ਵੀ ਜਾ ਮੇਰੇ ਹਮਸਫ਼ਰ, ਓ ਅਜਨਬੀ।

ਮੁੱਦਤਾਂ ਤੋਂ ਤੇਰੀ ਮੈਂ ਉਡੀਕ ਕਰ ਰਿਹਾਂ,
ਤੇਰੇ ਲਈ ਮੈਂ ਲੱਖਾਂ ਤਸੀਹੇ ਜਰ ਰਿਹਾਂ,
ਤੈਨੂੰ ਗੱਲ ਨਾਲ ਲਾਉਣ ਦੀ ਉੱਠ ਰਹੀ ਆ ਵਧੀ
ਮੈਨੂੰ....................

ਕੋਈ ਹਸਰਤ ਨਾ ਜੀਣੇ ਦੀ ਆਦਤ ਆ ਪੀਣੇ ਦੀ,
ਮਨ ਦਾ ਗੱਲ ਦਿਲ ਇਹ ਕਮੀਨੇ ਦੀ,
ਤੇਰਾਂ ਕਰੂੰਗਾਂ ਇੰਤਜ਼ਾਰ ਭਾਵੇਂ ਬੀਤ ਜੇ ਸਦੀ,
ਮੈਨੂੰ....................

ਮੈਂ ਆਪਣੀ ਕਲਮ ਤੋਂ ਲਫ਼ਜ਼ ਉਧਾਰੇ ਮੰਗਾਂ,
ਤੇਰੇ ਲਈ ਖ਼ਰੀਦ ਲਈਆਂ ਸੋਹਣੀਆਂ ਵੰਗਾਂ,
(ਮਾਝੇ ਵਾਲੇ ਭਰਪੂਰ) ਅੱਜ ਇੱਕ ਆਸ ਆ ਜਗੀ
ਮੈਨੂੰ....................



# ਜਾਨ

ਪੈ ਗਈ ਕਿਹੋ ਜਿਹੀ ਤੇਰੇ ਨਾਲ ਪ੍ਰੀਤ ਨੀ,
ਚਿੱਤ ਕਰੇ ਤੇਰੇ ਉੱਤੇ ਲਿਖਾ ਗੀਤ ਨੀ,
ਪਰ ਡਰਦਾਂ ਰਹਿਣਾ ਚੰਦਰੀ ਦੁਨੀਆਂਦਾਰੀ ਤੋਂ,
ਹਾਏ ਜਾਨ ਨਿਕਲ ਜੂੰ , ਜੇ ਵੱਖ ਹੋਣਾ ਪੈ ਗਿਆ ਜਾਨੋਂ ਪਿਆਰੀ ਤੋਂ

ਦਿਲ ਵਿਚ ਦੱਬ ਲੈਂਦਾ ਹਾਂ ਅਰਮਾਨਾਂ ਨੂੰ ਇਜ਼ਹਾਰ ਨਹੀਂ ਕਰਦਾ ਮੈਂ,
ਬੈਠਾ ਦੋਸਤਾਂ ਦੇ ਵਿੱਚ ਕਹਿ ਦਿੰਦਾ ਹਾਂ ਤੈਨੂੰ ਪਿਆਰ ਨੀ ਕਰਦਾ ਮੈਂ,
ਚੇਤੇ ਕਰ ਹੱਸ ਪੈਨਾ ਹਾਏ ਬਿਨਾ ਗੱਲੋਂ, ਕੌਣ ਬਚਿਆ ਇਸ਼ਕ ਬਿਮਾਰੀ ਤੋਂ
ਹਾਏ............

ਸੂਟ ਪੰਜਾਬੀ ਦੇ ਵਿੱਚ ਤੂੰ ਵੀ ਬਾਹਲਾ ਜੱਚਦੀ ਏ,
ਧੜਕਣਾਂ ਦਿਲ ਬੰਦ ਕਰ ਦਿੰਦਾ ਜਦ ਨੀਵੀਂ ਪਾ ਕੇ ਹੱਸਦੀ ਏ,
ਬਚਣਾ ਕਹਿੰਦੇ ਮੁਸ਼ਕਿਲ ਹੁੰਦਾ, ਐਲ.ਜੀ. ਰਾਉਦ ਤੇ ਕੁੜੀ ਕੁਆਰੀ ਤੋਂ
ਹਾਏ............

(ਭਰਪੂਰ-ਮਾਝੇ) ਦੇ ਦਿਲ ਵਿੱਚ ਹੈ ਤੇਰੇ ਲਈ ਸਤਿਕਾਰ ਬੜਾ
ਲੱਗ ਲੋਕਾਂ ਪਿੱਛੇ ਛੱਡ ਦੀ ਨਾ ਹੀਰੇ, ਕੱਲਾ ਯਾਰ ਖੜ੍ਹਾ
ਆਸ਼ਕਾਂ ਦੇ ਪੱਲੇ ਕੀ ਹੁੰਦਾ ਬਿਨਾਂ ਇਸ਼ਕ ਉਡਾਰੀ ਤੋ.
ਹਾਏ............

## ਜਾਨੇ ਮੇਰੀਏ

ਸੁਪਨਾਂ ਵੇਖਿਆ ਰਾਤੀਂ ਮੈਂ, ਤੇਰਾ ਦੀਦਾਰ ਹੋਇਆ,
ਬਾਗ਼ੀ ਤੂਫ਼ਾਨਾਂ ਉੱਤੇ ਨੀ, ਦਿਲ ਮੇਰਾ ਸਵਾਰ ਹੋਇਆ,
ਜਦ ਅੱਖ ਖੁੱਲ੍ਹਗੀ ਨੀ, ਸਭ ਰਹਿਗੇ ਚਾਅ ਦਿਲ 'ਚ ਧਰੇ,
ਨੀ ਛੇਤੀ ਆਜਾ ਜਾਨੇ ਮੇਰੀਏ ਨੇ, ਤੇਰੇ ਬਿਨ ਨਾ ਸਰੇ।

ਪੜ੍ਹਨ ਜਦੋਂ ਬੈਠਾ ਕੋਈ ਅੱਖਰ ਨਾ ਭਾਵੇ,
ਤੇਰੇ ਪੱਟ ਤੇ ਰੱਖ ਕੇ ਸਿਰ ਸੌਂ ਜਾ, ਦਿਲ ਏਹੀ ਵੱਸ ਚਾਵੇ,
ਧੜਕਣ ਰੁਕੀ-ਰੁਕੀ ਜੀ ਰਹਿੰਦੀ ਏ, ਰਹਿਨੇ ਆਂ ਪਰੇ-ਪਰੇ
ਨੀ............................

ਨੀ ਮੈਂ ਦੇਸੀ ਜੱਟ ਦਾ ਪੁੱਤ ਸੀ ਕਰਦਾ ਸੀ ਖੇਤੀ,
ਅਸੀਂ ਸਾਧਾਂ ਵਰਗੇ ਜੱਟ ਕੁੜੇ ਹੁੰਦੇ ਖੇਤੀ ਦੇ ਹੀ ਭੇਤੀ,
ਹਿੱਕ ਤੇ ਵਾਰ ਜਿਹੜਾ ਡੱਕ ਲੈਂਦਾ ਸੀ, ਦਿਲ ਟੁੱਟਣ ਤੋਂ ਡਰੇ
ਨੀ............................

ਸ਼ਾਮੀਂ ਅਪਸੈਟ ਜਾ ਹੋ ਕੇ ਨੀ ਕਰਦਾ ਹਾਂ ਬੜੀ ਖ਼ਰਾਬੀ,
(ਮਾਝੇ ਵਾਲੇ ਭਰਪੂਰ) ਨੂੰ ਸਮਝੀ ਨਾਂ ਤੂੰ ਨਿੱਤ ਦਾ ਸ਼ਰਾਬੀ
ਨੀ ਹੁਸਨ ਸੁਨਹਿਰੀ ਤੱਕਿਆਂ ਨੂੰ ਹੋ ਗਏ ਵਰ੍ਹੇ-ਵਰ੍ਹੇ
ਨੀ............................



## ਤੇਰੀ ਯਾਦ

ਭੁੱਲ ਜਾਵੀਂ ਮੈਨੂੰ ਬੜਾ ਸੌਖਾ ਕਹਿ ਗਿਆਂ ਏ
ਕਿਹੜੀ ਗੱਲੋਂ ਯਾਰਾਂ ਮੈਥੋਂ ਰੁੱਸ ਬਹਿ ਗਿਆ ਏ,
ਪਰ ਭੁੱਲੇ ਨਹੀਉਂ ਜਾਂਦੇ ਹੁੰਦੇ ਸੱਜਣ ਪਿਆਰੇ ਉਏ,
ਹੁਣ ਕੱਟ ਲਾ ਗੇ ਜ਼ਿੰਦਗੀ ਤੇਰੀ ਯਾਦ ਸਹਾਰੇ ਉਏ।

ਨਹੀਉਂ ਸਾਰ ਉਹ ਲੈਂਦੇ ਜੋ ਤੈਨੂੰ ਚੇਤੇ ਨਾ ਕਰੇ,
ਅਸੀਂ ਜਿੱਤਾਂ ਦੇ ਸ਼ੌਕੀ ਤੇਰੇ ਪਿਆਰ 'ਚ ਹਰੇ,
ਤੇਰੇ ਬਾਝੋਂ ਮੌਤ ਹੀ ਵਿਆਉਣੀ ਜਾ ਮਰਨਾ ਕੁਆਰੇ ਉਏ
ਹੁਣ..........................

ਦੁੱਖ ਸਾਰੇ ਮੈਨੂੰ ਦੇਜਾ ਖ਼ੁਸ਼ੀਆਂ ਤੂੰ ਮਾਣ ਉਏ,
ਨਹੀਂਉਂ ਹੋਣਾ ਤੈਨੂੰ ਭੁੱਲ-ਤੂੰ ਭਾਵੇਂ ਸਾਨੂੰ ਨਾ ਪਛਾਣ ਉਏ,
ਹੁੰਦੇ ਫ਼ਕੀਰਾਂ ਦੇ ਸਮਾਨ ਇਹ ਆਸ਼ਿਕ ਵਿਚਾਰੇ ਉਏ।
ਹੁਣ..........................।

ਸਹੁੰਆਂ ਮੇਰੀਆਂ ਤੂੰ ਖਾਕੇ ਨੀ ਤੂੰ ਸਭ ਤੋੜ ਗਈ,
(ਮਾਝੇ ਵਾਲੇ ਭਰਪੂਰ) ਦੇ ਤੂੰ ਸਭ ਰਾਜ ਖੋਲ੍ਹ ਗਈ
ਮਾਰ ਗਏ ਜੱਟ ਨੂੰ ਤੇਰੇ ਝੂਠੇ ਲਾਰੇ ਉਏ
ਹੁਣ..........................।

**-ਭਰਪੂਰ ਸਿੰਘ**
ਪਤਾ : ਪਿੰਡ ਮਾਝਾ, ਡਾਕ : ਮਾਝੀ
ਤਹਿ: ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ
ਮੋਬਾ: 88726-10004



**ਦਵਿੰਦਰ ਸਿੰਘ**
**ਇੰਗਲੈਂਡ**

## ਵੱਖਰਾ ਸਵਾਦ

ਮਜ਼ਬੂਰੀਆਂ ਨੇ ਕੀਤੇ ਵਾਰ ਬੜੇ
ਖਿੜੇ ਮੱਥੇ ਸਹਿਣ ਦਾ ਵੱਖਰਾ ਸਵਾਦ ਹੁੰਦਾ
ਹਿੰਮਤ ਨੀ ਛੱਡੀ ਕੀਤੇ ਯਤਨ ਬੜੇ
ਹਾਰ ਕੇ ਜਿੱਤਣ ਦਾ ਵੱਖਰਾ ਸਵਾਦ ਹੁੰਦਾ

ਅੱਜ ਵੀ ਯਾਦ ਨੇ ਕੀਤੇ ਇੰਤਜ਼ਾਰ ਖੜ੍ਹੇ
ਦੇਰ ਨਾਲ ਸਹੀ ਮਿਲਣ ਦਾ ਵੱਖਰਾ ਸਵਾਦ ਹੁੰਦਾ
ਗਿਲੇ ਸ਼ਿਕਵੇ ਤੂੰ ਚਾਹੇ ਕਰ ਬਹੁਤ
ਸਭ ਭੁਲਾ ਗਲੇ ਲੱਗਣ ਦਾ ਵੱਖਰਾ ਸਵਾਦ ਹੁੰਦਾ

ਨਿੱਕਿਆਂ ਹੁੰਦਿਆਂ ਇੱਕ ਦੂਜੇ ਨਾਲ ਲੜੇ ਬੜੇ
ਪਰਦੇਸੀ ਚੇਤੇ ਆਉਣ ਦਾ ਵੱਖਰਾ ਸਵਾਦ ਹੁੰਦਾ
ਜ਼ਿੰਦਗੀ ਰਹੀ ਤਾਂ ਮਿਲਾਂਗੇ ਜਿਹੜੇ ਸਾਡੇ ਨਾਲ ਖੜ੍ਹੇ
ਯਾਰਾਂ ਦੀਆਂ ਯਾਰੀਆਂ ਦਾ ਵੱਖਰਾ ਸਵਾਦ ਹੁੰਦਾ

ਉਂਗਲੀ ਫੜ ਚੱਲਣਾ ਸਿਖਾਇਆ ਕਦੇ
ਡਿੱਗਿਆਂ ਤੋਂ ਮਾਂ-ਪਿਉ ਦੇ ਚੁੱਕਣ ਦਾ ਵੱਖਰਾ ਸਵਾਦ ਹੁੰਦਾ
ਜ਼ਿੰਦਗੀ ਦੀ ਰਫ਼ਤਾਰ ਨਾਲ ਦੌੜੇ ਬੜੇ
ਮਾਂ-ਪਿਉ ਦੀਆਂ ਠੰਡੀਆਂ ਛਾਵਾਂ ਦਾ ਵੱਖਰਾ ਸਵਾਦ ਹੁੰਦਾ

ਬੀਤੀਆਂ ਯਾਦਾਂ 'ਚ ਅੱਥਰੂ ਵਹਾਏ ਬੜੇ
ਦਿਲਾਸਿਆਂ-ਸਹਾਰਿਆਂ ਦਾ ਵੱਖਰਾ ਸਵਾਦ ਹੁੰਦਾ
ਠੱਗੀਆਂ ਧੋਖਿਆਂ ਦਿਲ ਦੁਖਾਏ ਬੜੇ
'ਦਵਿੰਦਰ' ਦੁੱਖ ਦੂਸਰੇ ਦਾ ਸੁਣਨ ਦਾ ਵੱਖਰਾ ਸਵਾਦ ਹੁੰਦਾ



## ਕਿੱਦਾਂ

ਆਪਣੀ ਹੀ ਮਰਜ਼ੀ ਸਦਾ ਕਰਦੇ ਸੀ
ਕਿੱਦਾਂ ਫਿਰ ਆਪਣਾਂ ਬਣ ਜਾਂਦਾ ਕੋਈ,
ਦਿਲ ਦੀਆਂ ਖ਼ੂਬ ਪੁਗਾਇਆ ਕਰਦੇ ਸੀ
ਕਿੱਦਾਂ ਫਿਰ ਦਿਲ 'ਚ ਉਤਰ ਜਾਂਦਾ ਕੋਈ

ਇਕੱਠੇ ਕਈ ਸੁਪਨੇ ਸਜਾਇਆ ਕਰਦੇ ਸੀ,
ਕਿੱਦਾਂ ਅੱਖੀਆਂ 'ਚੋਂ ਨੀਂਦ ਚੁਰਾ ਜਾਂਦਾ ਕੋਈ,
ਜਾਨ ਨਾਲੋਂ ਵੱਧ ਉਸ ਨੂੰ ਪਿਆਰ ਕਰਦੇ ਸੀ,
ਕਿੱਦਾਂ ਹੱਥ ਛੁਡਾ ਦੂਰ ਚਲਾ ਜਾਦਾ ਕੋਈ,

ਕਦੇ ਕਿਸੇ ਦਾ ਖ਼ੌਫ਼ ਨਹੀਂ ਮੰਨਦੇ ਸੀ
ਕਿੱਦਾਂ ਪਲ-ਪਲ ਮਰਨਾ ਸਿਖਾ ਜਾਂਦਾ ਕੋਈ
ਕਦੇ ਸਾਹਾਂ 'ਚ ਸਾਹ ਉਹ ਸਾਡੇ ਭਰਦੇ ਸੀ,
'ਦਵਿੰਦਰ' ਕਿੱਦਾਂ ਬੇ-ਕਦਰੇ ਕਰ ਜਾਂਦਾ ਕੋਈ

# ਮੇਰੀਆਂ ਯਾਦਾਂ

ਅੱਜ ਫੇਰ ਉਹ ਮਰਜਾਣੀਂ
ਮੇਰੀਆਂ ਯਾਦਾਂ ਵਿਚ ਆ ਗਈ
ਕਿੰਨਾ ਤੈਨੂੰ ਪਿਆਰ ਸੀ ਕੀਤਾ
ਦਿਲ ਮੇਰਾ ਤੜਫਾ ਗਈ,

ਇਸ਼ਕੇ ਦੇ ਲੰਮੇਂ ਪੈਂਡੇ,
ਅਸੀਂ ਨੰਗੇ ਪੈਰੀਂ ਹੰਢਾ ਲਏ,
ਤੇਰੇ ਪਿਛੇ ਜ਼ਿੰਦਗੀ ਸਾਰੀ
ਇਕੱਲਿਆਂ ਅਸੀਂ ਗੁਜ਼ਾਰ ਲਈ,

ਖ਼ੁਸ਼ੀਆਂ ਦੀ ਖੈਰ ਕੀ ਮੰਗਾਂ
ਝੋਲੀ ਅਸੀਂ ਖ਼ੁਦ ਹੀ ਪਾੜ ਲਈ,
ਗਮ ਸਾਡਾ ਹੁਣ ਦਾਰੂ ਲੱਗੇ,
ਖ਼ੁਸ਼ੀਆਂ ਨੇ ਨਾ ਸਾਰ ਲਈ,

ਲੱਖਾਂ ਦੇ ਸੀ ਵਾਅਦੇ ਤੇਰੇ
ਸਾਨੂੰ ਕੱਖੋਂ ਹੋਲਾ ਕਰ ਗਈ
ਪਤਝੜ ਮਗਰੋਂ ਬਹਾਰ ਆਵੇ
'ਦਵਿੰਦਰ' ਉਮੀਦ ਜਿਹੀ ਜਗਾ ਲਈ



# ਅੱਜ ਕੱਲ

ਕਦੀ ਸੋਚਾਂ ਵਿਚ ਡੁੱਬ ਜਾਂਦਾ ਹਾਂ
ਕੋਈ ਜਵਾਬ ਨਹੀਂ ਮਿਲਦਾ ਅੱਜ ਕਲ
ਇਨਸਾਨ ਹੀ ਇਨਸਾਨ ਨੂੰ
ਪਹਿਚਾਣਦਾ ਨਹੀਂ ਹੈ ਅੱਜ ਕੱਲ

ਮਚੀ ਹੈ ਹਾਹਾਕਾਰ ਹਰ ਪਾਸੇ
ਜਾਣਦਿਆਂ ਅਣਜਾਣ ਬਣ ਗਏ ਅੱਜ ਕੱਲ
ਕਈ ਖ਼ੁਦ ਮਾਰਦੇ ਨੇ ਇੱਕ ਦੂਸਰੇ ਨੂੰ
ਕਈ ਮਾਰਦੇ ਕੁੱਖਾਂ ਵਿਚ ਅੱਜਕੱਲ

ਸੱਚਾ ਪਿਆਰ ਮੁਸ਼ਕਲ ਨਾਲ ਮਿਲਦਾ
ਜਿਸਮਾਂ ਦਾ ਵਪਾਰ ਹੁੰਦਾ ਅੱਜ ਕੱਲ੍ਹ
ਨਸ਼ਾ ਤੇਰੀਆਂ ਅੱਖੀਆਂ 'ਚੋਂ ਪੀਂਦੇ ਸੀ ਕਦੇ
ਸ਼ਰੇਆਮ ਮਿਲਦਾ ਵਿਚ ਬਾਜ਼ਾਰ ਅੱਜ ਕੱਲ੍ਹ
ਸੂਰਜ ਵੀ ਮੱਧਮ ਜਿਹਾ ਲੱਗਦਾ ਮੈਨੂੰ
ਰਾਤਾਂ ਨੂੰ ਡਰ ਲਗਦਾ ਅੱਜ ਕੱਲ੍ਹ
ਬੇਵਕੂਫ਼ ਜਾਂ ਨਿਮਾਣੇ ਅਸੀਂ ਵੀ ਨਹੀਂ
ਫਿਰ ਵੀ ਵਿਕਦਾ ਈਮਾਨ ਅੱਜ ਕੱਲ੍ਹ
ਮੰਨਦੇ ਤੂੰ ਸਾਂਝਾਂ ਸਭਨਾਂ ਦਾ ਰੱਬਾ
'ਦਵਿੰਦਰ' ਤੈਨੂੰ ਵੀ ਵੇਚਦੇ ਨੇ ਲੋਕੀ ਅੱਜ ਕੱਲ੍ਹ

# ਉਡੀਕ ਤੇਰੀ

ਤੇਰੀ ਅੱਜ ਵੀ ਉਡੀਕ ਰਹੇ
ਖੜ੍ਹੇ ਉਨ੍ਹਾਂ ਸੁੰਨੇ ਰਾਹਵਾਂ ਤੇ
ਅੱਖਾਂ ਖੁੱਲ੍ਹੀਆਂ ਰਹਿਣ ਸਦਾ
ਆਦਤ ਪੈ ਗਈ ਜਿਨ੍ਹਾਂ ਲਾਰਿਆਂ ’ਤੇ
ਉਮੀਦ ਘਟਦੀ ਨਹੀਂ ਕਦੇ,
ਆਸ਼ਿਕ ਮਰ ਜਾਂਦੇ ਇਕਰਾਰਾਂ ਤੇ
ਕੱਚੇ ਘੜੇ ਨੂੰ ਮਿਲੀਆਂ ਬਦਨਾਮੀਆਂ ਨੇ
ਸ਼ੱਕ ਕੀਤਾ ਨਾਂ ਕਿਸੇ ਦਰਿਆਵਾਂ ਤੇ
ਰੂਪ ਰੰਗ ਜਾਤਪਾਤ ਨਾ ਦੇਖਦੇ
ਮਰ ਜਾਂਦੇ ਮਸਤ ਅਦਾਵਾਂ ਤੇ
ਮਿਲ ਗਏ ਤਾਂ ਤੇਰੀ ਰਹਿਮਤ
ਨਹੀਂ ਤਾਂ ਮੇਲੇ ਲੱਗਣ ਸਮਾਧਾਂ ਤੇ,
ਮਿਹਰ ਦੀ ਨਜ਼ਰ ਕਦੇ ਕਰ ਦੇਵੇਂ
ਕੁਰਬਾਨ ਜਾਈਏ ਤੇਰਿਆਂ ਚਾਹਵਾਂ ਤੇ
ਪੱਥਰ ਸਮਝ ਠੋਕਰ ਹੀ ਮਾਰ ਕਦੇ
ਰੱਬ ਬਣ ਬੈਠੇ ਤੁਸੀਂ ਅਦਾਵਾਂ ਦੇ
ਗੁਮਸ਼ੁਦਾ ਜਿਹੇ ਉਹ ਲੱਗਦੇ ਅੱਜਕੱਲ੍ਹ
ਜਿਨ੍ਹਾਂ ਚਾਹਿਆ ਅਸੀਂ ਸਾਹਵਾਂ ਤੇ
ਤੇਰੇ ਮਿਲਣ ਦੀ ਉਮੀਦ ਅਜੇ ਹੈ ਬਾਕੀ
‘ਦਵਿੰਦਰ’ ਭੇਜੇ ਸੁਨੇਹੇ ਤੈਨੂੰ ਖੁਆਬਾਂ ਦੇ

**ਦਵਿੰਦਰ ਸਿੰਘ ਇੰਗਲੈਂਡ**
16 Pine Place, Hayes middlex, London (UK)
UB48RA
Mob. 078986-87789





**ਦੀਪਾ ਸ਼ੇਰਗਿੱਲ**
**(ਕੈਨੇਡਾ)**

# ਦਿਲਾਂ ਦੀ ਚੋਰ

ਕੀਤਾ ਨਾ ਖੜਾਕ ਭੋਰਾ, ਉਸ ਮਰਜਾਣੀ ਨੇ
ਠੱਗੀ ਮਾਰ ਠੱਗ ਲਿਆ, ਹੁਸਨਾਂ ਦੀ ਰਾਣੀ ਨੇ
ਚੜੀ ਸਾਨੂੰ ਵੀ ਸੀ, ਇਸ਼ਕੇ ਦੀ ਲੋਰ-ਲੋਰ
ਲੁੱਟ ਲੈ ਗਈ ਦਿਲ, ਕੁੜੀ ਚੋਰ-ਚੋਰ।

ਵੇਖਣ ਨੂੰ ਮੁਖੜੇ ਤੋਂ, ਬੜੀ ਭੋਲੀ ਭਾਲੀ ਸੀ
ਬਾਅਦ ਵਿਚ ਪਤਾ ਲੱਗਾ, ਪੂਰੀ ਬਾਰਾਂ ਤਾਲੀ ਸੀ
ਪਾ ਗਈ ਚੱਕਰਾਂ ਦੇ ਵਿੱਚ, ਉਹਦੀ ਤੋਰ-ਤੋਰ
ਲੁੱਟ ਲੈ ਗਈ ਦਿਲ, ਕੁੜੀ ਚੋਰ-ਚੋਰ॥

ਚੰਗਾ ਭਲਾ ਹੁੰਦਾ ਸੀ ਮੈਂ, ਕਰ ਗਈ ਸ਼ੁਦਾਈ ਉਹ
ਉਹਦੇ ਹੀ ਖ਼ਿਆਲ ਯਾਰੋ, ਭੁੱਲੇ ਨਾ ਭੁਲਾਈ ਉਹ
ਹੁਣ ਉਹਦੇ ਹੱਥ, ਜ਼ਿੰਦਗੀ ਦੀ ਡੋਰ-ਡੋਰ
ਲੁੱਟ ਲੈ ਗਈ ਦਿਲ, ਕੁੜੀ ਚੋਰ-ਚੋਰ

ਸੀਤ ਜਿਹੇ ਦਿਲ ਉੱਤੇ, ਅੱਗ ਬਣ ਵਰ ਗਈ
(ਦੀਪਾ ਤਲਵੰਡੀ ਫੱਤੂ), ਮਾਂਜ ਕੇ ਉਹ ਧਰ ਗਈ
ਸਾਡਾ (ਸ਼ੇਰਗਿੱਲ) ਚੱਲਿਆ ਨਾ ਜ਼ੋਰ-ਜ਼ੋਰ
ਲੁੱਟ ਲੈ ਗਈ ਦਿਲ, ਕੁੜੀ ਚੋਰ-ਚੋਰ॥

## ਤੇਰਾ ਵਿਆਹ

ਰਹਿ ਗਈ ਦਿਲ ਦੀ, ਰੀਝ ਕੁਆਰੀ
ਅੱਧਵਾਟੇ ਹੀ, ਟੁੱਟ ਗਈ ਯਾਰੀ
ਕੱਖਾਂ ਵਾਂਗੂੰ ਰੁੱਲ ਜਾਣੇ ਨੇ, ਦਿਲ ਸਾਡੇ ਦੇ ਚਾਅ
ਵੇ ਸੱਜਣਾਂ ਹੋ ਜਾਣਾ, ਤੇਰਾ ਵਿਆਹ.......
ਵੇ ਹੁਣ ਤੇਰਾ, ਹੋ ਜਾਣਾ ਏ ਵਿਆਹ......

ਅੱਜ ਤੇਰੇ, ਲੱਗ ਜਾਣਾ ਵਟਣਾ
ਅਸੀਂ ਤਾਂ ਪਲ-ਪਲ ਰੋਂਦਿਆਂ ਕੱਟਣਾ
ਹੁਣ ਭੋਰਾ ਤੈਨੂੰ ਸਾਰ ਨਾ ਸਾਡੀ, ਹੋ ਗਿਆ ਬੇਪ੍ਰਵਾਹ
ਵੇ ਹੁਣ ਤੇਰਾ, ਹੋ ਜਾਣਾ ਏ ਵਿਆਹ........

ਖ਼ਬਰੇ ਅਸੀਂ ਕੀ, ਕਰ ਜਾਣਾ ਏਂ
ਜੀਅ ਨਈ ਹੋਣਾ, ਮਰ ਜਾਣਾ ਏਂ
ਜਾਂਦੀ ਵਾਰੀ ਸੋਹਣਿਆਂ ਸੱਜਣਾਂ, ਆ ਕੇ ਮੁਖ ਵਿਖਾ
ਵੇ ਹੁਣ ਤੇਰਾ, ਹੋ ਜਾਣਾ ਏ ਵਿਆਹ........

(ਸ਼ੇਰਗਿੱਲ) ਤੂੰ, ਵੱਸਦਾ ਰਹਿ ਵੇ
ਫੁੱਲਾਂ ਵਾਂਗੂੰ, ਹੱਸਦਾ ਰਹਿ ਵੇ
(ਫੱਤੂ ਤਲਵੰਡੀ ਦੀਪਿਆ) ਸਾਡੀ, ਜ਼ਿੰਦਗੀ ਹੋਈ ਤਬਾਹ
ਵੇ ਹੁਣ ਤੇਰਾ, ਹੋ ਜਾਣਾ ਏ ਵਿਆਹ........



## ਟੁੱਟੀ ਯਾਰੀ

ਸੱਜਣ ਸਾਡੇ, ਦੂਰ ਹੋ ਗਏ
ਸੁਪਨੇ ਚੂਰੋ-ਚੂਰ ਹੋ ਗਏ
ਸਭ ਸੁੰਨੀਆਂ, ਪਈਆਂ ਰਾਹਵਾਂ
ਟੁੱਟ ਗਈ ਯਾਰੀ ਦਾ, ਬੈਠਾ ਸੋਗ ਮਨਾਵਾਂ!
ਸਾਡੀਆਂ ਤਾਂ ਸਭ, ਲੁੱਟੀਆਂ ਸਧਰਾਂ
ਕੱਚ ਦੇ ਵਾਂਗੂੰ, ਟੁੱਟੀਆਂ ਸਧਰਾਂ
ਹੁਣ ਪੱਲੇ, ਹੌਂਕੇ ਹਾਵਾਂ
ਟੁੱਟ ਗਈ ਯਾਰੀ ਦਾ, ਬੈਠਾ ਸੋਗ ਮਨਾਵਾਂ!
ਯਾਰ ਸਾਡੇ ਕੀ, ਵੱਖ ਹੋ ਗਏ
ਲੱਖਾਂ ਤੋਂ ਅਸੀਂ, ਕੱਖ ਹੋ ਗਏ
ਦਿਨ ਕਿੱਥੋਂ, ਮੋੜ ਲਿਆਵਾਂ
ਟੁੱਟ ਗਈ ਯਾਰੀ ਦਾ, ਬੈਠਾ ਸੋਗ ਮਨਾਵਾਂ!
(ਸ਼ੇਰਗਿੱਲ) ਇਹ, ਦੁੱਖ ਨੇ ਚੰਦਰੇ
ਜ਼ਿੰਦਗੀ ਭਰ ਨਾ, ਮੁੱਕਣੇ ਚੰਦਰੇ
ਮੈਂ (ਦੀਪੇ), ਮਰਦਾ ਜਾਵਾਂ
ਟੁੱਟ ਗਈ ਯਾਰੀ ਦਾ, ਬੈਠਾ ਸੋਗ ਮਨਾਵਾਂ!

# ਪੰਗਾ

ਹੋਵੇ ਹੱਥ ਵਿੱਚ, ਫੜੀ ਗੰਡਾਸੀ
ਜਾਂ ਫਿਰ ਹੋਵੇ, ਯਾਰ ਗਲਾਸੀ
ਘੁੱਟ ਪੀਤੀ ਤੋਂ ਲੋਰ ਵਿੱਚ, ਫਿਰ ਰਹਿੰਦਾ ਹੀ ਰਹਿੰਦਾ
ਜਦ ਹੋਵੇ ਜੱਟ ਸ਼ਰਾਬੀ, ਪੰਗਾ ਪੈਂਦਾ ਹੀ ਪੈਂਦਾ।

ਜਦ ਵੱਜਦੇ ਨੇ ਲਲਕਾਰੇ
ਹਿੱਲਦੇ ਕੋਠੇ ਸਣੇ ਚੁਬਾਰੇ
ਫਿਰ ਤਾਂ ਯਾਰੋ ਕਹਿਰ ਵੈਰੀ ਤੇ, ਢਹਿੰਦਾ ਹੀ ਢਹਿੰਦਾ
ਜਦ ਹੋਵੇ ਜੱਟ ਸ਼ਰਾਬੀ, ਪੰਗਾ ਪੈਂਦਾ ਹੀ ਪੈਂਦਾ।

ਖਾਧੀ ਪੀਤੀ ਜਦ ਖਿੜ ਜਾਵੇ
ਫਿਰ ਨਾ ਕਾਬੂ ਦੇ ਵਿੱਚ ਆਵੇ
ਜਾਣ ਬੁੱਝ ਕੇ ਨਾਲ ਦੁਸ਼ਮਣਾਂ, ਖਹਿੰਦਾ ਹੀ ਖਹਿੰਦਾ
ਜਦ ਹੋਵੇ ਜੱਟ ਸ਼ਰਾਬੀ, ਪੰਗਾ ਪੈਂਦਾ ਹੀ ਪੈਂਦਾ।।

ਭੱਜਦੇ ਵੈਰੀ ਮਾਰਨ ਕੂਕਾਂ
ਜੱਟ ਨੇ ਚੱਕਦੇ ਜਦੋਂ ਬੰਦੂਕਾਂ
ਬਈ (ਸ਼ੇਰਗਿੱਲ) ਨਾ ਡਰਦਾ, ਬਦਲਾ ਲੈਂਦਾ ਹੀ ਲੈਂਦਾ
ਜਦ ਹੋਵੇ ਜੱਟ ਸ਼ਰਾਬੀ, ਪੰਗਾ ਪੈਂਦਾ ਹੀ ਪੈਂਦਾ।



# ਪੰਜਾਬ ਮਿੱਤਰੋ

ਗੁਰੂਆਂ ਤੇ ਪੀਰਾਂ ਦੀ ਹੈ, ਧਰਤੀ ਪੰਜਾਬ ਬਈ
ਜੀਹਦੇ ਵਿੱਚ ਫੁੱਲਾਂ ਮਹਿਕਾਂ, ਵੰਡਦੇ ਗੁਲਾਬ ਬਈ
ਜਿੱਥੇ ਵੱਜਦੀ ਏ, ਬਾਬੇ ਦੀ ਰਬਾਬ ਮਿੱਤਰੋ
ਸਾਡਾ ਖ਼ੁਸ਼ੀਆਂ 'ਚ ਨੱਚਦਾ, ਪੰਜਾਬ ਮਿੱਤਰੋ !

ਇੱਕ ਪਾਸੇ ਅੱਲੜਾਂ ਦੇ, ਚਰਖ਼ੇ ਨੇ ਬੋਲਦੇ
ਦੂਜੇ ਪਾਸੇ ਹੁੰਦੇ ਨੇ, ਮੁਕਾਬਲੇ ਬਈ ਘੋਲ ਦੇ
ਜ਼ੋਰ ਡੌਲਿਆਂ ਦੇ ਵਿੱਚ, ਬੇਹਿਸਾਬ ਮਿੱਤਰੋ
ਸਾਡਾ ਖ਼ੁਸ਼ੀਆਂ 'ਚ ਨੱਚਦਾ, ਪੰਜਾਬ ਮਿੱਤਰੋ !

ਖੇਡਾਂ ਦੇ ਸ਼ੌਕੀਨ ਮੁੰਡੇ, ਖੇਡਦੇ ਕਬੱਡੀਆਂ
ਖੜੀਆਂ ਤਿਆਰ, ਧੂੜਾਂ ਪੱਟਣੇ ਨੂੰ ਗੱਡੀਆਂ
ਕਿਤੇ ਡੁੱਲ-ਡੁੱਲ ਪੈਂਦਾ ਏ, ਸ਼ਬਾਬ ਮਿੱਤਰੋ
ਸਾਡਾ ਖ਼ੁਸ਼ੀਆਂ 'ਚ ਨੱਚਦਾ, ਪੰਜਾਬ ਮਿੱਤਰੋ !

ਇੱਥੇ ਲੱਗਦੀ ਵਿਸਾਖੀ, ਢੱਡ, ਢੋਲ ਵੱਜਦੇ
ਕਿਤੇ ਗੱਭਰੂ ਪੰਜਾਬੀ, ਸ਼ੇਰਾਂ ਵਾਂਗੂੰ ਗੱਜਦੇ
ਆਖੇ (ਸ਼ੇਰਗਿੱਲ) ਕੋਈ ਨਾ, ਜਵਾਬ ਮਿੱਤਰੋ
ਸਾਡਾ ਖ਼ੁਸ਼ੀਆਂ 'ਚ ਨੱਚਦਾ, ਪੰਜਾਬ ਮਿੱਤਰੋ !

**-ਦੀਪਾ ਸ਼ੇਰਗਿੱਲ ਤਲਵੰਡੀ ਫੱਤੋ**
1 (416) 624-4798 (ਟਰਾਂਟੋ) ਕੈਨੇਡਾ
shergilltalwandifattu@gmail.com

# ਰੱਬ ਵੱਸਦਾ ਤੇਰੇ ਦਿਲ ਦੇ ਮੰਦਿਰਾਂ ਉੱਤੇ



ਦਿਲਬਾਗ ਐਸ. ਭੰਬਰਾ

ਕਦੀ ਵੇਖ ਰੱਬ ਵੱਸਦਾ ਤੇਰੇ ਦਿਲ ਦੇ ਮੰਦਿਰਾਂ ਉੱਤੇ
ਐਵੇਂ ਕਿਉਂ ਲੱਭਦਾ ਜਾ ਕੇ ਮਸਜਿਦਾਂ ਮੰਦਿਰਾਂ ਉੱਤੇ

ਕਦੀ ਲੱਭਦਾ ਜਾ ਜਾ ਕੇ ਮੜ੍ਹੀ, ਮਸਾਣਾਂ, ਕਬਰਾਂ ਤੇ
ਵੇਖ ਪਿਆ ਕੀ ਪਰਦਾ ਤੇਰੇ ਮਨ ਦੇ ਅੰਦਰਾਂ ਉੱਤੇ

ਉਹਨੂੰ ਦੂਰ ਸਮਝ ਤੂੰ ਗੱਲਾਂ ਕਰੇ ਬੇਅਕਲੀਆਂ ਹੀ
ਖੋਲ ਦੁਆਰ ਮਨ ਦੇ ਕਿਉਂ ਅਕਲਾਂ ਦੇ ਜਿੰਦਰਾਂ ਉੱਤੇ

ਕਿਉਂ ਗਿਆ ਭੁੱਲ ਤੂੰ ਉਸ ਸੱਚੇ ਸਾਹਿਬ ਸਾਈਂ ਨੂੰ
ਰਹਿਮਤ ਹੈ ਜਿਸ ਦੀ ਹਰ ਜੀਵ, ਜੀਵੰਦਰਾਂ ਉੱਤੇ

ਸੋਹਣੀ ਕਾਇਨਾਤ ਸਜਾ ਕੇ ਬਣਾ ਕੁਦਰਤ ਖੇਡਦਾ
ਹੈ ਉਸ ਦੀ ਹਕੂਮਤ ਜਮੀਂ ਆਸਮਾਂ ਸਮੁੰਦਰਾਂ ਉੱਤੇ

ਤੇਰੇ ਮੇਰੇ ਦਰਮਿਆਨ ਹੈ ਉਹ ਇਸ ਵਕਤ ਵੀ
ਰੱਖੇ ਨਜ਼ਰ ਇੱਕੋ ਜਿਹੀ ਮਛੰਦਰਾਂ ਤੋਂ ਕਲੰਦਰਾਂ ਉੱਤੇ

ਮਹਿਲ ਮਲਕੀਅਤਾਂ ਬਣਾ ਕੇ ਜਾਣਾ ਹੱਥ ਖਾਲੀ
ਇਹੋ ਨਸੀਹਤਾਂ ਕਰਦਾ ਉਹ ਰਾਜੇ ਸਿਕੰਦਰਾਂ ਉੱਤੇ

ਦਿਲਬਾਗ ਝੂਠ ਸਦਾ ਨਹੀਂ ਰਹਿਣਾ ਦੁਨੀਆਂ ਤੇ
ਸੱਚ ਹੀ ਸੱਚ ਰਹੇਗਾ ਸਦਾ ਯੁੱਗਾਂ ਯੁਗੰਦਰਾਂ ਉੱਤੇ



# ਨਜ਼ਮ ਰੋਂਦੀ ਏ

ਪਤਾ ਨਹੀਂ ਕਿੰਨੇ ਖ਼ਿਆਲ ਲਿਖੇ, ਦੁੱਖ ਦਰਦ ਹੰਡਾਏ ਹਾਲ ਲਿਖੇ
ਕਈ ਤਕਲੀਫ਼ਾਂ ਲਿਖੀਆਂ ਹਨ, ਕਈ ਗ਼ਮ ਸੀਨੇ ਵਿੱਚ ਪਾਲ੍ਹ ਲਿਖੇ
ਸੌਖੀ ਨਹੀਂ ਹੁੰਦੀ ਲਿਖਣੀ ਪੀੜ੍ਹ ਪਰਾਈ, ਲਿਖਦਿਆਂ ਕਲਮ ਰੋਂਦੀ ਏ
ਜਿਸ ਜਿਸ ਵਿਚ ਤੇਰਾ ਜ਼ਿਕਰ ਕਰਾਂ, ਮੇਰੀ ਉਹੀਉ ਨਜ਼ਮ ਰੋਂਦੀ ਏ

ਜੋ ਪਿਆਰ ਦੀ ਰਾਹ ਤੇ ਚੱਲ ਪਿਆ, ਉਹਦੇ ਪੈਰੀਂ ਕੰਡਿਆਂ ਦਾ ਸੱਲ ਪਿਆ
ਦਿਲ ਤੇ ਡੂੰਘੇ ਫੱਟ ਜੋ ਮਿਲਦੇ, ਉਹ ਸੀਉਣ ਲਈ ਨਾ ਹੀ ਕੋਈ ਹੱਲ ਪਿਆ
ਤਨ ਮਨ ਜ਼ਖਮੀ ਹੋ ਜਾਂਦਾ ਹੈ, ਨਾ ਨਜ਼ਰ ਰਾਹਤ ਦੀ ਰਿਸ਼ਮ ਔਂਦੀ ਏ
ਜਿਸ ਜਿਸ ਵਿੱਚ ਤੇਰਾ ਜ਼ਿਕਰ ਕਰਾਂ, ਮੇਰੀ ਉਹੀਓ ਨਜ਼ਮ ਰੋਂਦੀ ਏ

ਜਦ ਹਿਜਰਾਂ ਦਾ ਤਾਣਾ ਤਣ ਜਾਂਦਾ, ਸਿੱਧਾ ਜਿਹਾ ਬੰਦਾ ਸ਼ਾਇਰ ਬਣ ਜਾਂਦਾ
ਵਸਲ ਦੀ ਤਾਂਘ ਲੋਚਦੀਆਂ ਅੱਖਾਂ ਵਿੱਚੋਂ, ਕਦ ਇੱਕ-ਇੱਕ ਹੰਝੂ ਛਣ ਜਾਂਦਾ
ਨਿੱਤ ਦਿਨ ਜਦ ਢਲਦੀਆਂ ਤਿਰਕਾਲਾਂ, ਇੱਕ ਯਾਦ ਕਸਮ ਔਂਦੀ ਏ
ਜਿਸ ਜਿਸ ਵਿੱਚ ਤੇਰਾ ਜ਼ਿਕਰ ਕਰਾਂ, ਮੇਰੀ ਉਹੀਓ ਨਜ਼ਮ ਰੋਂਦੀ ਏ

ਜਦੋਂ ਸਾਹਾਂ ਦੀ ਤੰਦ ਟੁੱਟ ਜਾਣੀ, ਫਿਰ ਦੁਨੀਆਂ ਤੋਂ ਸਾਂਝ ਹੀ ਮੁੱਕ ਜਾਣੀ
ਤੇਰਾ ਜ਼ਿਕਰ ਕਿਸੇ ਕਰਨਾ ਨਹੀਂ ਜਦ, ਕਲਮ ਦਿਲਬਾਗ ਦੀ ਰੁੱਕ ਜਾਣੀ
ਮੇਰੇ ਗੀਤਾਂ ਤੋਂ ਹੋ ਕੇ ਸੱਖਣੀ, ਅੱਜ ਹਰ ਇੱਕ ਬਜਮ ਕੁਰਲੋਂਦੀ ਏ
ਜਿਸ ਜਿਸ ਵਿੱਚ ਤੇਰਾ ਜ਼ਿਕਰ ਕਰਾਂ, ਮੇਰੀ ਉਹੀਉ ਨਜ਼ਮ ਰੋਂਦੀ ਏ

# ਰੱਬ ਦੇ ਸ਼ੁਕਰ ਵਿੱਚ ਬੰਦਿਆ

ਨਹੀਂ ਦੇਖਦਾ ਨਾਲ ਧਿਆਨ ਦੇ ਆਪਣੇ ਘਰ ਵਿੱਚ ਬੰਦਿਆ।
ਓਏ ਦੇਖ ਲੈ ਉਹ ਵੱਸਦਾ ਤੇਰੇ ਆਪਣੇ ਘਰ ਵਿੱਚ ਬੰਦਿਆ।

ਹੱਲ ਪੁੱਛਦਾ ਨਾ ਵਲ੍ਹ ਸਿੱਖਦਾ ਨਾ ਰੱਬ ਨੂੰ ਪਾਉਣ ਦੇ ਲਈ
ਰਹੇ ਭਟਕਦਾ ਤੂੰ ਸਾਧਾਂ ਪਾਖੰਡੀਆਂ ਦੇ ਦਰ ਵਿੱਚ ਬੰਦਿਆ।

ਸੋਹਣੇ ਰੱਬ ਦੀ ਖ਼ੁਦਾਈ ਤੇਰੇ ਵਿੱਚ ਵੱਸਦੀ ਹੈ ਪਲ-ਪਲ
ਦੇਖਣ ਲਈ ਪੈ ਗਿਆ ਫ਼ਰਕ ਤੇਰੀ ਨਜ਼ਰ ਵਿੱਚ ਬੰਦਿਆ।

ਤੂੰ ਕਦੀ ਕਰਦਾ ਨਾ ਯਾਦ ਉਹ ਨੂੰ ਕੀਤੇ ਉਪਕਾਰਾਂ ਲਈ
ਲੰਘਾਈ ਜਾਵੇਂ ਜਿੰਦ ਸ਼ਾਮ, ਸਵੇਰ ਦੁਪਹਿਰ ਵਿੱਚ ਬੰਦਿਆ।

ਨਾ ਫ਼ੇਰ ਮੁੱਖ ਸਚਾਈ ਤੋਂ, ਸੱਚ ਕਦੀ ਪੁੱਟਿਆ ਨਹੀਂ ਜਾਣਾ
ਭਾਵੇਂ ਆ ਜਾਏ ਝੂਠ ਦਾ ਤੂਫ਼ਾਨ ਜ਼ੋਰ ਜ਼ਬਰ ਵਿੱਚ ਬੰਦਿਆ।

ਪੈਰ ਧਰ ਲੈ ਤੂੰ ਹੁਣ ਹੱਕ, ਸੱਚ ਅਤੇ ਨੇਕੀ ਦੇ ਰਾਹ ਉੱਤੇ
ਫਿਰ ਨਾ ਹੋਵੇਂਗਾ ਖੱਜਲ ਜ਼ਿੰਦਗੀ ਦੇ ਸਫ਼ਰ ਵਿੱਚ ਬੰਦਿਆ।

ਆ ਜਾ ਸਾੜ ਦੇ ਨਫ਼ਰਤਾਂ ਨੂੰ ਪਿਆਰ ਵਾਲੀ ਅੱਗ ਵਿੱਚ
ਫ਼ਿਰ ਪਿਆਰ ਹੀ ਵੱਸੇਗਾ ਦਿਲਾਂ ਦੇ ਨਗਰ ਵਿੱਚ ਬੰਦਿਆ।

ਬਣ ਕੇ ਇੱਕ ਚੰਗਾ ਇਨਸਾਨ ਤੂੰ ਵੀ ਜ਼ਿੰਦਗੀ ਬਿਤਾ ਲੈ
ਕਿਉਂ ਬਣਦਾ ਏ ਤੂੰ ਕਾਫ਼ਿਰ ਪੈ ਕੇ ਕੁਫ਼ਰ ਵਿੱਚ ਬੰਦਿਆ।

ਕੀੜਿਆਂ ਮਕੌੜਿਆਂ ਦੀ ਜੂਨ 'ਚੋਂ ਕੱਢ ਬੰਦਾ ਬਣਾਇਆ
'ਦਿਲਬਾਗ' ਕੁਝ ਤਾਂ ਲਿਖ ਰੱਬ ਦੇ ਸ਼ੁਕਰ ਵਿੱਚ ਬੰਦਿਆ।



# ਸਿਰ ਤਲੀ ਟਿਕਾ ਲਓ ਜਿਹਦਾ ਜੀਅ ਕਰਦਾ

ਹੈ ਬਾਜ਼ੀ ਇੱਥੇ ਸਿਰ ਧੜ ਦੀ ਲਾ ਲਓ ਜਿਹਦਾ ਜੀਅ ਕਰਦਾ।
ਜੀ ਨਹੀਂ ਹੋਣਾ ਸਿਰ ਤਲੀ ਟਿਕਾ ਲਓ, ਜਿਹਦਾ ਜੀਅ ਕਰਦਾ।

ਜਦ ਕੋਈ ਬਦਨਾਮ ਹੁੰਦਾ ਫਿਰ ਉਸਦਾ ਹੀ ਰੌਸ਼ਨ ਨਾਮ ਹੁੰਦਾ,
ਮਰਜ਼ੀ ਭਾਵੇਂ ਮਿੱਟੀ ਵਿੱਚ ਮਿਲਾ ਲਓ ਜਿਹਦਾ ਜੀਅ ਕਰਦਾ।

ਰਾਤ ਦੀ ਨੀਂਦ ਹਰਾਮ ਹੋਏ, ਹੈ ਦਿਨ ਵੇਲੇ ਨਾ ਆਰਾਮ ਕੋਏ,
ਇਸ਼ਕ ਦੀ ਅੱਗ 'ਚ ਦਿਲ ਜਲਾ ਲਓ ਜਿਹਦਾ ਜੀਅ ਕਰਦਾ।

ਅੱਖਾਂ ਤੋਂ ਬਚ ਬਚਾਕੇ, ਇਹ ਲੜ ਜਾਣ ਆਖ਼ਿਰ ਇੱਕ ਦਿਨ,
ਅੱਖ ਤਲਵਾਰਾਂ ਤੋਂ ਸੀਸ ਕਟਾ ਲਓ ਜਿਹਦਾ ਜੀਅ ਕਰਦਾ।

ਰੱਬ ਸੱਚੇ ਦੇ ਫ਼ੱਕਰ ਬਣ ਕੇ ਖਾ ਦਰ ਦਰ ਦੇ ਟੁੱਕਰ ਮੰਗ ਕੇ,
ਸਾਰੀ ਦੁਨੀਆਂ ਤੋਂ ਸ਼ੁਦਾਈ ਕਹਾ ਲਓ ਜਿਹਦਾ ਜੀਅ ਕਰਦਾ।

ਰਾਜੇ ਦਾ ਮਹਿਲ ਰੰਕ ਦੀ ਕੁੱਲੀ, ਆਪੋ ਆਪਣੀ ਕਿਸਮਤ,
ਛੱਡ ਅਮੀਰੀ ਭੇਸ ਫ਼ਕੀਰੀ ਪਾ ਲਓ ਜਿਹਦਾ ਜੀਅ ਕਰਦਾ।

'ਦਿਲਬਾਗ' ਦੀ ਹੈ ਇੱਕ ਖ਼ਰਾਬੀ ਰਹਿੰਦਾ ਹੈ ਨਿੱਤ ਸ਼ਰਾਬੀ,
ਇਹਨੂੰ ਨਜ਼ਰਾਂ ਦੇ ਜਾਮ ਪਿਲਾ ਲਓ ਜਿਹਦਾ ਜੀਅ ਕਰਦਾ।

# ਜਿੱਥੇ ਹੋਵੇ ਨਾ ਕਦਰ

ਜਿੱਥੇ ਹੋਵੇ ਨਾ ਕਦਰ ਉੱਥੇ ਆਉਣਾ ਨਹੀਂ ਚਾਹੀਦਾ
ਬੇਰੁੱਖਿਆ ਨਾਲ ਪਿਆਰ ਪਾਉਣਾ ਨਹੀਂ ਚਾਹੀਦਾ

ਕਰਕੇ ਨੇਕੀ ਨਾਲ ਕਿਸੇ ਦੇ ਸੁੱਟੋ ਵਿੱਚ ਦਰਿਆ ਦੇ
ਭਲਾ ਤੁਹਾਡਾ ਕਰੇ ਕੋਈ ਭੁਲਾਉਣਾ ਨਹੀਂ ਚਾਹੀਦਾ

ਕਰੋ ਨੇਕ ਨੀਤੀ ਨਾਲ ਪਿਆਰ ਇਸ ਦੁਨੀਆਂ ਨੂੰ
ਕਮਜ਼ੋਰ ਦੇ ਉੱਤੇ ਜ਼ੁਲਮ ਕਮਾਉਣਾ ਨਹੀਂ ਚਾਹੀਦਾ

ਕਿਸੇ ਦੀ ਚੁਗਲੀ ਕਰੇ ਕੋਈ ਨਾ ਸੁਣੋ ਕੰਨ ਧਰ ਕੇ
ਲੜਾਈ ਝਗੜੇ ਵਿੱਚ ਕਦੇ ਆਉਣਾ ਨਹੀਂ ਚਾਹੀਦਾ

ਜ਼ਖ਼ਮੀ ਦਿਲਾਂ ਤੇ ਕੋਸ਼ਿਸ਼ ਕਰੋ ਮੱਲ੍ਹਮ ਲਾਉਣ ਦੀ
ਦੇ ਦੇ ਕੇ ਸਦਮੇ ਦਿਲ ਤੜਫ਼ਾਉਣਾ ਨਹੀਂ ਚਾਹੀਦਾ

ਨਾ ਕਰਨਾ ਅਮਾਨਤ ਵਿੱਚ ਖ਼ਿਆਨਤ ਕਦੀ ਵੀ
ਬਣ ਕੇ ਕਮੀਨੇ ਸਮਾਨ ਛੁਪਾਉਣਾ ਨਹੀਂ ਚਾਹੀਦਾ

ਚੱਲੋ ਸਦਾ ਹੀ ਸਚਾਈ ਦੀਆਂ ਸਾਫ਼ ਰਾਹਵਾਂ ਉੱਤੇ
ਕੂੜ ਰਾਹ ਤੇ ਪੈਰ ਕਦੇ ਟਿਕਾਉਣਾ ਨਹੀਂ ਚਾਹੀਦਾ

ਰੱਖ ਆਪਣਾ ਸਾਫ਼ ਚਰਿੱਤਰ ਤੇ ਰੂਹ ਪਵਿੱਤਰ
ਦਰ ਬਦਕਾਰਾਂ ਦਾ ਖੜਕਾਉਣਾ ਨਹੀਂ ਚਾਹੀਦਾ

ਅਦਬ ਨਾਲ ਕਰੋ ਆਦਾਬ ਛੋਟਿਆਂ ਵੱਡਿਆਂ ਨੂੰ
ਆਕੜ ਕੇ ਕਿਸੇ ਨੂੰ ਵੀ ਬੁਲਾਉਣਾ ਨਹੀਂ ਚਾਹੀਦਾ

ਪਤਾ ਨਹੀਂ ਕੀ ਕੀ ਲਿਖਦਾ ਰਹਿੰਦਾ ਦਿਲਬਾਗ
ਐਵੇਂ ਪੜ ਪੜ ਦਿਮਾਗ ਖਪਾਉਣਾ ਨਹੀਂ ਚਾਹੀਦਾ

**–ਦਿਲਬਾਗ ਐਸ. ਭੰਬਰਾ**
ਪਤਾ B/51 115 ਨੇੜੇ ਦਾਣਾ ਮੰਡੀ
ਚੌਕ ਨੂਰਮਹਿਲ, ਤਹਿ: ਫਿਲੌਰ, ਜ਼ਿਲ੍ਹਾ ਜਲੰਧਰ
ਮੋਬਾ : 81466-34848 (ਪੰਜਾਬ)





**ਗੋਲਡੀ ਨਰਮਾਣਾ**

# ਖ਼ਾਬ

ਮੇਰੇ ਦਿਲ ਚੋਂ ਨਾ ਜਾਣ ਉਸ ਕਮਲੀ ਦੇ ਖ਼ਾਬ।
ਜੀਹਦੇ ਹੌਕਿਆਂ 'ਚ ਲਿਖੀ ਐ ਮੈਂ ਗ਼ਮਾਂ ਦੀ ਕਿਤਾਬ।

ਅਸੀਂ ਜੀਹਦੀਆਂ ਉਡੀਕਾਂ ਵਿੱਚ ਤਿਲ-ਤਿਲ ਮਰੇ,
ਜਿਵੇਂ ਜਾਣਦੇ ਨਾ ਹੋਣ ਪਾਸਾ ਵੱਟ ਗਏ ਜਨਾਬ।

ਸਾਡੇ ਪਿਆਰ ਦੇ ਚੁਬਾਰੇ ਉਹਨੇ ਸਿਖਰਾਂ ਤੋਂ ਡੇਗੇ
ਸਾਡਾ ਬਣ ਗਈ ਸਹਾਰਾ ਇਹ ਚੰਦਰੀ ਸ਼ਰਾਬ

ਸਾਨੂੰ ਗ਼ਲਤੀ ਤੋਂ ਬਿਨਾਂ ਹੀ ਇਹ ਮਿਲੀਆਂ ਸਜ਼ਾਵਾਂ
ਦਿਲ ਉਹਦਿਆਂ ਦੁੱਖਾਂ ਦੀ ਝੱਲ ਸਕਦਾ ਨਾ ਤਾਬ

ਧਾਹਾਂ ਮਾਰ-ਮਾਰ ਰੋਵੇ ਬੈਠਾ 'ਗੋਲਡੀ' ਇਕੱਲਾ
ਜੀਹਦਾ ਟੁੱਟ ਗਿਆ ਟਾਹਣੀਂ ਨਾਲੋਂ ਖਿੜਿਆ ਗੁਲਾਬ।

# ਹੜ੍ਹ

ਐਸਾ ਹੜ੍ਹ ਦਰਦਾਂ ਦਾ ਆਇਆ ਏ,
ਅਸੀਂ ਅੱਖੀਂਓਂ ਨੀਰ ਮੁਕਾਇਆ ਏ।

ਸਾਡੀ ਜ਼ਿੰਦਗੀ 'ਚੋਂ ਰੰਗ ਮੁੱਕ ਗਏ,
ਤੂੰ ਜਦ ਤੋਂ ਰੰਗ ਵਟਾਇਆ ਏ।

ਤੂੰ ਸੱਜਣਾਂ ਵਾਪਸ ਮੁੜਨਾ ਨਹੀਂ
ਬੜਾ ਔਖਾ ਦਿਲ ਸਮਝਾਇਆ ਏ।

ਜੇ ਹੋਰ ਹੁੰਦਾ ਕੋਈ ਮਰ ਜਾਂਦਾ,
ਜਿਨ੍ਹਾਂ ਸਾਨੂੰ ਤੂੰ ਤੜਫਾਇਆ ਏ।

ਇੱਕ ਭੀਖ ਪਿਆਰ ਦੀ ਮੰਗਣ ਲਈ
ਤੇਰੇ ਦਰ ਤੇ 'ਗੋਲਡੀ' ਆਇਆ ਏ।



# ਪੀੜ

ਤੇਰੀਆਂ ਜੁਦਾਈਆਂ ਵਾਲੀ ਪੀੜ ਪੱਲੇ ਪੈ ਗਈ,
ਜ਼ਿੰਦਗੀ ਤਾਂ ਯਾਰਾ ਤੇਰੇ ਦੁੱਖਾਂ ਜੋਗੀ ਰਹਿ ਗਈ।

ਅਸੀਂ ਉਸੇ ਦਿਨ ਤੋਂ ਮਜ਼ਾਕ ਬਣੇ ਜੱਗ ਦਾ,
ਪਿਆਰ ਦੀ ਸਬਾਤ ਜਿੱਦੇਂ ਸਿਖਰ ਤੋਂ ਢਹਿ ਗਈ।

ਮੁੱਦਤਾਂ ਹੀ ਹੋਈਆਂ ਅਸੀਂ ਦੇਖਿਆ ਨਾ ਹੱਸ ਕੇ,
ਮੁੱਖ 'ਤੇ ਉਦਾਸੀ ਹੁਣ ਛਾਉਣੀ ਪਾ ਕੇ ਬਹਿ ਗਈ।

ਤੇਰੀ ਸੋਹਣੀ ਸੂਰਤ ਨੂੰ ਕਿਵੇਂ ਦਿਲੋਂ ਕੱਢੀਏ,
ਰੱਬ ਬਣ ਜਿਹੜੀ ਸਾਡੇ ਦਿਲ ਵਿੱਚ ਲਹਿ ਗਈ।

ਕੁਝ ਕੁ ਪਲਾਂ ਦੇ ਇਸ ਪਿਆਰ ਨੂੰ ਭੁਲਾ ਦੇਈਂ,
ਮਰਜਾਣੀ 'ਗੋਲਡੀ' ਨੂੰ ਜਾਂਦੀ-ਜਾਂਦੀ ਕਹਿ ਗਈ।

# ਪੰਜਾਬੀ ਮੁਟਿਆਰ

ਸੂਟ ਪੰਜਾਬੀ ਪਾ ਕੇ ਜਿਹੜੀ ਗਿੱਧੇ ਦੇ ਵਿੱਚ ਆਉਂਦੀ ਸੀ,
ਗਿੱਧੇ ਦੀ ਰਾਣੀ ਦਾ ਰੁਤਬਾ, ਹਰ ਮੁਟਿਆਰ ਹੀ ਪਾਉਂਦੀ ਸੀ।

ਅੱਜ ਕੱਲ ਫ਼ਿਲਮੀ ਗਾਣਿਆਂ ਨੇ, ਇਹ ਕੈਸੀ ਰੀਤ ਚਲਾ ਦਿੱਤੀ,
ਸਿਰ ਤੋਂ ਲਾਹ ਕੇ ਚੁੰਨੀਂ ਕੁੜੀ ਨੇ, ਕਿੱਲੇ ਤੇ ਲਮਕਾ ਦਿੱਤੀ।

ਹੱਥ 'ਚੋਂ ਕਦੇ ਮੁਬਾਇਲ ਨਾ ਧਰਦੀ, ਹੈੱਡ ਫੋਨ ਨਾ ਲਾਹੁੰਦੀ ਐ,
ਸੂਟ ਪੰਜਾਬੀ ਪਾਉਣਾ ਭੁੱਲ ਗਈ, ਟੌਪ-ਜੀਨ ਨਾਲ ਪਾਉਂਦੀ ਐ।

ਵਾਲ ਖੋਲ੍ਹ ਕੇ ਚਸ਼ਮਾ ਲਾਉਂਦੀ, ਕਰਦੀ ਕਿਸੇ ਦੀ ਸੰਗ ਨਹੀਂ,
ਬਾਹਾਂ ਉੱਤੇ ਟੈਟੂ ਖੁਦਵਾਏ, ਕੋਈ ਚੂੜੀ ਜਾ ਵੰਗ ਨਹੀਂ।

ਅਕਲਾਂ ਨੂੰ ਹੱਥ ਮਾਰੋ ਕੁੜੀਓ, ਕਹਿਣਾ ਮੰਨੋ ਹਰ ਸਿਆਣੇ ਦਾ,
ਲੰਘਿਆ ਵੇਲਾ ਮੁੜ ਹੱਥ ਨੀ ਆਉਣਾ, ਕਹੇ 'ਗੋਲਡੀ' ਪਿੰਡ ਨਰਮਾਣੇ ਦਾ।



# ਪੈਗ਼ਾਮ

ਹੰਝੂਆਂ ਦਾ ਵਹਿਣ ਮੇਰੇ ਦਿਲ ਦਾ ਪੈਗ਼ਾਮ ਏ
ਮੇਰੀਆਂ ਦੁਆਵਾਂ ਸਹਿੱਤ ਤੈਨੂੰ ਇਹ ਸਲਾਮ ਏ

ਮੰਨਦਾ ਨਹੀਂ ਦਿਲ ਝੱਲਾ ਤੈਥੋਂ ਵੱਖ ਹੋਣ ਲਈ
ਮੇਰੇ ਵੱਲੋਂ ਕੀਤੀ ਹਰ ਕੋਸ਼ਿਸ਼ ਨਾਕਾਮ ਏ

ਕਰਮਾਂ ਦੀ ਲਿਖੀ ਮੇਲ ਹੋਵੇ ਤਕਦੀਰਾਂ ਦੇ
ਤੇਰੇ ਪਿੱਛੇ ਹੋਇਆ ਪਿੰਡ ਵਿੱਚ ਬਦਨਾਮ ਏ

ਅੱਖੀਆਂ ਤੋਂ ਦੂਰ ਹੋ ਗਈ ਚੰਨ ਤੋਂ ਸੁਨੱਖੀ
ਘੋਲ ਕੇ ਪਿਲਾ ਗਈ ਮੈਨੂੰ ਪਿਆਰ ਵਾਲਾ ਜਾਮ ਏ

ਤੈਨੂੰ ਨਰਮਾਣੇ ਲੱਗੇ ਤੇਰਾ ਪਿੰਡ ਚੰਗਾ
ਉਹਦੇ ਲਈ ਤਾਂ ਸਹੁਰਾ ਘਰ ਹੀਰਿਆਂ ਦੀ ਖ਼ਾਨ ਏ।

**-ਗੋਲਡੀ ਨਰਮਾਣਾ**
ਸਪੁੱਤਰ ਹਰਬੰਸ ਸਿੰਘ, ਪਿੰਡ ਨਰਮਾਣਾ, ਡਾਕ ਕਲ੍ਹੇ ਮਾਜਰਾ,
ਤਹਿ: ਨਾਭਾ (ਜ਼ਿਲ੍ਹਾ ਪਟਿਆਲਾ) ਪੰਜਾਬ,
ਮੋਬਾ: 99143-49631



**ਗਗਨ ਬਰਾੜ**
**(ਇੰਗਲੈਂਡ)**

# ਮੈਂ

ਮੈਂ ਕੋਈ ਤਸਵੀਰ ਨਹੀਂ
ਜਿਸਨੂੰ ਆਪਣੇ ਕੈਨਵਸ ਤੇ ਉਤਾਰ
ਤੂੰ ਆਪਣੀ ਮਰਜ਼ੀ ਦੇ ਰੰਗ ਭਰਦਾ ਰਹੇਂ...
ਨਾ ਹੀ ਕੋਈ ਬਨਾਰਸੀ ਸਾੜ੍ਹੀ
ਜੋ ਤੇਰੀ ਅਲਮਾਰੀ ਦੀ ਸ਼ੋਭਾ ਵਧਾ ਸਕੇ...
ਨਾ ਉਹ ਫੁੱਲ ਜਿਸ ਨਾਲ
ਆਪਣੇ ਸਾਹਾਂ ਨੂੰ ਮਹਿਕਾ
ਤੂੰ ਪੈਰਾਂ ਥੱਲੇ ਮਿਧ ਦੇਵੇਂ...
ਮੈਂ ਉਹ ਪਾਣੀ ਵੀ ਨਹੀਂ
ਜੋ ਤੇਰੀ ਪਿਆਸ ਬੁਝਾਉਣ ਦੀ ਤਾਂਘ 'ਚ ਹੋਵਾਂ...
ਨਾ ਕਿਸੇ ਬੁੱਤ ਘਾੜੇ ਦੀ ਤਰਾਸ਼ੀ
ਸੁਹਾਪਣ ਦੀ ਮੂਰਤ
ਜੋ ਤੇਰੇ ਵੱਲੋਂ ਕੀਤੀ ਤਾਰੀਫ਼ ਦੀ ਮੋਹਤਾਜ...
ਮੈਨੂੰ ਤੇਰਾ ਕੋਈ ਅਹਿਸਾਨ ਨਹੀਂ ਚਾਹੀਦਾ...
ਚਾਹੀਦੀ ਹੈ ਤਾਂ ਆਪਣੀ ਪਹਿਚਾਣ
ਤੇ ਉਹ ਵੀ ਤੇਰੀ ਦਿੱਤੀ ਹੋਈ ਨਹੀਂ
ਮੇਰੀ ਆਪਣੀ ਬਣਾਈ ਹੋਈ...



# ਵਰਤ

ਦਿਲ ਤੇ ਨਾ ਲਾਈਂ ਪ੍ਰੀਤਮ!
ਵਰਤ ਜੋ ਨਹੀਂ ਰੱਖਿਆ ਤੇਰੇ ਲਈ ਕਰਵਾ ਚੌਥ ਦਾ...?
ਤੈਨੂੰ ਪਤੈ...
ਭੁੱਖੀ ਮੈਂ ਰਹਿ ਨੀ ਸਕਦੀ
ਤੇ ਤੋਹਫ਼ਿਆਂ ਦਾ ਵੀ ਮੈਨੂੰ ਸ਼ੌਕ ਨੀ ਬਹੁਤਾ...
ਭਲਾ ਚੰਦ ਨਿਕਲੇ ਤੋਂ ਹੀ ਕਿਉਂ ਦੇਖਾਂ ਤੈਨੂੰ...
ਤੇ ਉਹ ਵੀ ਸਾਲ 'ਚ ਇੱਕ ਵਾਰੀ...!
ਹਰ ਛਿਨ ਹੁੰਦੀ ਐ ਮੇਰੇ ਨੈਣਾਂ 'ਚ ਤਾਂ
ਤੇਰੇ ਸੋਹਣੇ ਮੁੱਖੜੇ ਦੀ ਆਰਤੀ...!
ਉਮਰ ਦੀ ਫ਼ਿਕਰ ਨਾ ਕਰੀਂ...
ਬਥੇਰੀ ਲੰਮੀ ਐ ਤੇਰੀ ਉਮਰ...
ਸੁੱਚੇ ਮੂੰਹ ਇਹੀ ਦੁਆ ਕਰਦੀ ਆਂ ਮੈਂ ਨਿੱਤ...!
ਫ਼ਿਕਰ ਨਾ ਕਰ...
ਕੱਲਾ ਮੈਂ ਵੀ ਨੀ ਛੱਡ ਕੇ ਜਾਂਦੀ ਤੈਨੂੰ...
ਮੈਨੂੰ ਪਤੈ...
ਜੇ ਮੈਂ ਨੀ ਰਹਿ ਸਕਦੀ ਤੇਰੇ ਬਿਨਾਂ
ਤਾਂ ਰਹਿ ਤੂੰ ਵੀ ਨੀ ਸਕਦਾ ਮੇਰੇ ਬਗ਼ੈਰ...!!

# ਉਡੀਕ

ਸੋਚਦੀ ਆਂ ਤੂੰ ਜੇ ਕਿਤੇ ਮਿਲ ਗਿਆ ਚਾਣਚੱਕ…
ਤਾਂ ਮੈਂ ਕੀ ਕਰਾਂਗੀ…?
ਤੈਨੂੰ ਤੱਕਦੀ ਰਹਾਂਗੀ…?
ਤੇਰੇ ਚਰਨ ਧੋ ਪੀਵਾਂਗੀ…?
ਕਿ ਕੁਰਬਾਨ ਹੋ ਜਾਵਾਂਗੀ ਤੇਰੇ ਸੋਹਣੇ ਰੂਪ ਤੋਂ…?
ਜਾਂ ਫਿਰ…
ਚਾਰ ਉਦਾਸੀਆਂ ਤੋਂ ਪਰਤੇ ਦੇ ਤੇਰੇ
ਥੱਕ ਕੇ ਚੂਰ ਹੋਏ ਪੈਰਾਂ ਨੂੰ
ਨਿੱਘੇ-ਨਿੱਘੇ ਹੰਝੂਆਂ ਨਾਲ ਧੋਵਾਂਗੀ…?
ਤੇ ਤੇਰੇ ਸੋਹਲ ਪੈਰਾਂ ਤੇ ਖੜਾਵਾਂ ਨਾਲ ਹੋਏ
ਛਾਲੇ ਚੁੰਮਦੀ ਰਹਾਂਗੀ…ਤੇ ਕਦੀ
ਕੋਸੇ ਕੋਸੇ ਸਾਹਾ ਦੀਆਂ ਫੂਕਾਂ ਮਾਰ ਟੋਕਰ ਕਰਾਂਗੀ…?
ਹਾਂ ਮੈਂ ਸ਼ਾਇਦ ਇਹ ਸਭ ਕੁਝ ਕਰਾਂਗੀ…
ਪਰ ਤੂੰ ਕਿਤੇ ਮਿਲ ਤਾਂ ਸਹੀ…!!!

# ਛਿਪਦਾ ਸੂਰਜ

ਭਾਵੇਂ ਲੱਖ ਲੋਕੀ ਕਹਿਣ…
ਕਿ ਨਹੀਂ ਦੇਖਣਾ ਚਾਹੀਦਾ
ਛਿਪਦੇ ਸੂਰਜ ਵੱਲ,
ਪਰ ਤੂੰ ਨਾ ਮੰਨੀ ਇਹ ਗੱਲ,
ਛਿਪੇ ਸੂਰਜ ਨੇ ਚੜ੍ਹਨਾ ਈ ਹੁੰਦੈ
ਅਗਲੀ ਸਵੇਰ,
ਪਹਿਲਾਂ ਨਾਲੋਂ ਵੀ ਵੱਧ ਚਮਕ ਕੇ,
ਆਪਣੇ ਮੱਥੇ ਦਾ ਦਾਗ ਧੋਣ ਲਈ ਵੀ…
ਤੇ ਆਪਣਿਆਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਵੀ…!



# ਬੇਵਸ ਪੰਜਾਬ

ਮੈਂ ਪੰਜਾਬ ਹਾਂ?
ਆਹ ਦੇਖੀ ਜ਼ਰਾ।..
ਮੇਰੀਆਂ ਜੜ੍ਹਾਂ 'ਚ
ਸਿਉਂਕ ਵਰਗਾ ਕੁਝ ਲੱਗਿਆ ਹੋਇਆ…
ਖਾਧਾ ਪਿਆਂ ਸਾਰਾ
ਬਦਨ ਕੰਬਦਾ ਹੁਣ ਤਾਂ…
ਮੈਨੂੰ ਸਿੰਜਣ ਵਾਲੇ ਪਾਣੀਆਂ 'ਚ ਜ਼ਹਿਰ ਘੁਲ ਗਿਆ…
ਵੀਲਾ ਉਠਦੈ ਮੇਰੇ ਢਿੱਡ 'ਚ
ਮੇਰੀਆਂ ਟਾਹਣੀਆਂ ਤੋਂ ਆਕਾਸ਼ ਵੱਲ
ਉਡਾਣ ਭਰਦੀਆਂ ਚਿੜੀਆਂ ਨੂੰ
ਬਾਜ਼ ਜਦੋਂ ਢੁੰਡ ਕੇ ਧਰਤੀ ਤੇ ਪਟਕਦੇ ਐ
ਜਦ ਬਹਾਰ ਦੀ ਰੁੱਤ 'ਚ ਪੈਂਦੇ
ਮੇਰੇ ਬੂਰ ਉੱਤੇ ਨਸ਼ਿਆਂ ਦਾ ਧਤੂਰਾ ਛਿੜਕਿਆ ਜਾਂਦੈ…
ਹੌਲ ਪੈ ਜਾਂਦੈ ਦਿਲ ਨੂੰ ਜਦ
ਮੈਨੂੰ ਹਰਿਆ ਭਰਿਆ ਰੱਖਣ ਵਾਲੇ
ਕਾਮੇ ਹੱਥ ਫਲ ਤੋੜਣ ਤੋਂ ਪਹਿਲਾਂ ਹੀ
ਵੱਢ ਦਿੱਤੇ ਜਾਂਦੇ ਐ…
ਕੀ ਕੀ ਸੁਣਾਵਾਂ…?
ਆਪਣੀ ਹੱਡ ਬੀਤੀ ਦੱਸਣ ਲਈ
ਪਰਬਤ ਜਿੱਡਾ ਜਿਗਰਾ ਚਾਹੀਦੈ
ਸਚ ਦੱਸਾਂ…
ਮੇਰੇ ਕੋਲ ਹੁਣ ਓਹ ਜਿਗਰਾ ਨਹੀ…
ਮੈਨੂੰ ਸੋਨੇ ਦੀ ਚਿੜੀ ਨਾ ਕਹੋ ਹੁਣ
ਮੇਰੇ ਹਿੱਸੇ ਦਾ ਤਾਂ ਸੂਰਜ ਵੀ ਲੁਕੋ ਲਿਆ
ਵਿੱਘਾ-ਵਿੱਘਾ ਕਰ ਸਾਰੀ ਧਰਤੀ
ਮੇਰੀਆਂ ਜੜ੍ਹਾਂ ਹੇਠੋਂ ਖਿਚ ਗਹਿਣੇ ਧਰ ਦਿੱਤੀ
ਮੇਰੇ ਤਣੇ ਨਾਲ ਢੋ ਲਾ ਕੇ ਰੱਖੀਆਂ
ਕਰਜ਼ੇ ਦੀਆਂ ਪੰਡਾਂ ਦਾ ਕੱਦ

ਦਿਨ-ਬ-ਦਿਨ ਉੱਚਾ ਹੋ ਮੇਰੀ ਟੀਸੀ ਵਾਲੀ
ਟਹਿਣੀ ਛੂਹਣ ਨੂੰ ਤਿਆਰ ਹੈ...
ਹੋ ਸਕੇ ਤਾਂ ਮੇਰੀਆਂ ਜੜ੍ਹਾਂ 'ਚੋਂ
ਆਹ ਸਿਉਂਕ ਲਾਹ ਦਿਓ
ਤੇ ਮੇਰਾ ਖੋਲ ਸਾਂਭ ਲਓ
ਮੈਨੂੰ ਲੋਹੇ ਦੇ ਥੰਮਾਂ ਦਾ ਨਹੀਂ
ਤੁਹਾਡੇ ਹੱਥਾਂ ਦਾ ਆਸਰਾ ਚਾਹੀਦੈ
ਮੋਹ ਦੇ ਪਾਣੀ ਨਾਲ
ਹੋ ਸਕਦੈ ਕਿ ਮੈਂ ਕੁਝ ਚਿਰ ਹੋਰ ਜੀ ਲਵਾਂ...
ਤੇ ਇਹ ਵੀ ਹੋ ਸਕਦੈ
ਕਿ ਇਸ ਛੋਹ ਸਦਕਾ ਮੈਂ ਮੁੜ ਸੁਰਜੀਤ ਹੋ ਜਾਵਾਂ...

**ਗਗਨ ਬਰਾੜ**
**Adress :** 17 Byron Avenue
Hounslow
TW4 6LT
London (UK)
Email : khushwinder74@yahoo.co.uk





**ਗੁਰਵਿੰਦਰ ਗੁਰੂ**

## ਭਾਰਤ ਮਹਾਨ

ਦਿਨ ਰਾਤ ਮਰ ਕੇ ਵੀ,
ਭੁੱਖਾ ਇੱਥੇ ਸੌਂਦਾ ਹੈ ਕਿਸਾਨ।

ਚੰਦ ਸਿੱਕਿਆਂ ਦੇ ਬਦਲੇ,
ਇੱਥੇ ਵਿਕ ਜਾਂਦਾ ਹੈ ਈਮਾਨ।

ਨਾਮ ਖ਼ਾਤਿਰ ਜ਼ਮੀਰਾਂ ਵੇਚਣ,
ਦੱਸੀਏ ਕੀ ਬੰਦੇ ਦੀ ਪਛਾਣ।

ਦੋ ਟੁਕੜੇ ਟੁਕ ਖਾਣ ਲਈ,
ਸੜਕੀਂ ਰੁਲਦੇ ਬਾਲ-ਜਵਾਨ।

ਲੀੜੇ ਵੇਚ ਆਪਣੇ ਤਨ ਦੇ,
ਗ਼ਰੀਬ ਕਰਦਾ ਧੀ ਦਾ ਦਾਨ।

ਇੱਜ਼ਤਾਂ ਦਾਗ਼ੀ ਹੋਣ ਤੋਂ ਬਚੀਆਂ,
ਕੁੱਖਾਂ ਵਿਚ ਬਣਾ ਲਏ ਸ਼ਮਸ਼ਾਨ।

ਖ਼ੁਦਗਰਜ਼ੀ ਦੀ ਅੱਗ ਵਿਚ,
ਇੱਥੇ ਸੜ ਰਿਹਾ ਇਨਸਾਨ।

'ਗੁਰਵਿੰਦਰ' ਕਿਹੜੀ ਗੱਲ ਤੋਂ,
ਦੱਸ ਤੇਰਾ ਭਾਰਤ ਮਹਾਨ।

# ਹੁਣ ਮੁੜ ਚੱਲੀਏ

ਚੱਲ ਘਰ ਨੂੰ ਚੱਲ,
ਹੁਣ ਮੁੜ ਚੱਲੀਏ 'ਗੁਰਵਿੰਦਰਾ'
ਇੰਝ ਜ਼ਿੰਦਗੀ ਨਹੀਂ ਲੰਘਣੀ
ਸਾਹਾਂ ਵਿਚ ਰਹਿਣ ਵਾਲੀ
ਰਾਹਾਂ ਵਿਚੋਂ ਨਹੀਂ ਲੱਭਣੀ
ਆ ਹੁਣ ਮੁੜ ਚੱਲੀਏ....

ਜ਼ਿੰਦਗੀ ਦੇ ਦੀਵੇ ਵਿਚੋਂ
ਤੇਲ ਸਾਹਾਂ ਦਾ
ਮੁੱਕਣ ਤੇ ਆਇਆ ਏ
ਚੱਲ ਘਰ ਨੂੰ ਹੁਣ
ਮੁੜ ਚੱਲੀਏ 'ਗੁਰਵਿੰਦਰਾ'
ਆਸਾਂ ਦਾ ਸੂਰਜ
ਛੁਪਣ ਤੇ ਆਇਆ ਏ
ਆ ਹੁਣ ਮੁੜ ਚੱਲੀਏ....

ਦਿਲ ਦੇ ਮਾਤਮ ਡਾਢਾ
ਇਕ ਤਾਰਾ ਟੁੱਟ ਕੇ ਜਾ ਰਿਹਾ
ਮੈਂ ਆਪਣੀ ਕਬਰ ਤੇ ਬੈਠਾ
ਗੀਤ ਹਿਜਰ ਦਾ ਗਾ ਰਿਹਾ
ਚੱਲ ਘਰ ਨੂੰ ਹੁਣ
ਮੁੜ ਚੱਲੀਏ 'ਗੁਰਵਿੰਦਰਾ'
ਕਿਉਂ ਸੁੱਤਿਆ ਨੂੰ ਜਗਾ ਰਿਹਾ
ਆ ਹੁਣ ਮੁੜ ਚੱਲੀਏ....



# ਦੀਵਾ ਬਲਦਾ ਰਿਹਾ

ਬੈਠਾ ਮੈਂ ਰਾਹਾਂ ਵਿਚ
ਉਮਰਾਂ ਦਾ ਇੰਤਜ਼ਾਰ ਪੱਲੇ
ਯਾਦਾਂ ਦੇ ਦੀਵੇ ਬਾਲੇ
ਰਾਤਾਂ ਕਾਲੀਆਂ 'ਚ ਯਾਰ ਕੱਲੇ
ਅੱਖਾਂ ਹੋਈਆਂ ਬੰਦ ਓਦੋਂ
ਬੱਸ ਜਿਸਮ ਗਲਦਾ ਰਿਹਾ
ਉਹ ਆਏ ਤੇ ਚਲੇ ਗਏ
ਦੀਵਾ ਬਲਦਾ ਰਿਹਾ

ਮਹਿਕਾਂ ਤੋਂ ਹੋਏ ਪਰਾਏ
ਫੁੱਲ ਟਾਹਣੀਓਂ ਟੁੱਟੇ
ਕਿਹਦੇ ਸਹਾਰੇ ਜਿਉਂਦੇ
ਸਹਾਰਿਆਂ ਗਲ ਘੁੱਟੇ
ਉਹ ਚੜ੍ਹੇ ਬਣ ਸੂਰਜ
ਮੈਂ ਪਰਛਾਵਾਂ ਢਲਦਾ ਰਿਹਾ
ਉਹ ਆਏ ਤੇ ਚਲੇ ਗਏ
ਦੀਵਾ ਬਲਦਾ ਰਿਹਾ

ਮੱਛੀ ਵਾਂਗ ਤੜਫਦੀ
ਗਈ ਰੂਹ ਉਦਾਸ ਮੇਰੀ
ਟੁੱਟੀ ਤੰਦ ਸਾਹਾਂ ਦੀ
ਮੁਕ ਗਈ ਆਸ ਮੇਰੀ
ਯਾਦਾਂ ਦੇ ਬੁਝੇ ਦੀਵੇ
ਵਕਤ ਚਾਲ ਚਲਦਾ ਰਿਹਾ
ਉਹ ਆਏ ਤੇ ਚਲੇ ਗਏ
ਸਿਵਾ ਬਲਦਾ ਰਿਹਾ

# ਮਰਜ਼

ਕਦੇ ਜ਼ਖ਼ਮ ਨਾ ਭਰਨੇ,
ਜਿਹੜੀ ਮਰਜ਼ ਇਨ੍ਹਾਂ ਸਹੇੜੀ ਏ
ਮਿਲ ਕੇ ਪੰਜਾਂ ਪਾਣੀਆਂ ਨੇ,
ਇਹ ਵਾਰਤਾ ਛੇੜੀ ਏ।
ਪਾਣੀ ਦੀ ਥਾਂ ਖ਼ੂਨ ਵਗੇ,
ਮਾਂ ਨੂੰ ਦੇਈਏ ਕਿਵੇਂ ਦਿਲਾਸਾ।
ਜਿਨ੍ਹਾਂ ਦੇ ਦਿਲ ਹੀ ਸੜ ਗਏ ਨੇ,
ਬੁੱਲ੍ਹਾਂ ਤੇ ਰਹਿੰਦਾ ਕਿਵੇਂ ਹਾਸਾ।
ਪੱਥਰ ਪਾਣੀ ਬਣ ਵਹਿ ਗਏ,
ਦੇਖ ਫੁੱਲ ਰੱਸਿਆ ਤੇ ਟੰਗੇ ਹੋਏ।
'ਗੁਰਵਿੰਦਰ' ਸੀਨਾ ਸੂਤ ਗਏ,
ਵਕਤ ਇਹ ਲੰਘੇ ਹੋਏ।
ਕਿਆਰੀ ਸੀ ਜਿੱਥੇ ਫੁੱਲਾਂ ਦੀ,
ਉਨ੍ਹਾਂ ਥਾਵਾਂ ਤੇ ਕੰਡੇ ਹੋਏ।
ਸ਼ਾਇਦ ਕਦੇ ਨਾ ਮਿਲਣੇ ਨੇ,
ਭਾਰਤ-ਪਾਕਿ ਇਹ ਵੰਡੇ ਹੋਏ।
ਆਸ ਦਾ ਦੀਵਾ ਬਾਲ ਕੇ,
ਚਾਨਣ 'ਚ ਨਾ ਹਨ੍ਹੇਰਾ ਬਦਲਦੇ।
ਪਿੱਛੇ ਲੱਗਦੇ ਨਾ ਉਨ੍ਹਾਂ ਦੇ,
ਹਰ ਰੋਜ਼ ਜੋ ਬਨੇਰਾ ਬਦਲਦੇ।



# ਰੱਬ ਹੀ ਬਚਾਵੇ

ਮੈਨੂੰ ਕੁੜੀ ਨੂੰ ਤਾਂ,
ਰੱਬ ਹੀ ਬਚਾਵੇ
ਮਾਰਨ ਲੱਗੇ ਮੈਨੂੰ,
ਰੱਬ ਅਖਵਾਉਣ ਵਾਲੇ।
ਸਲਾਮ ਕਰਦੀ ਕੁਦਰਤ,
ਮੇਰੀ ਸੁੰਦਰਤਾ ਨੂੰ,
ਦਲਦਲ ਵਿਚ ਸੁੱਟ ਗਏ,
ਮੈਨੂੰ ਮਹਿਕਾਉਣ ਵਾਲੇ।
ਮੇਰੇ ਬਿਨ ਅਧੂਰੇ,
ਤਿੱਥ-ਤਿਉਹਾਰ ਸਾਰੇ,
ਫਿਰ ਕਿਉਂ ਰਵਾਉਂਦੇ,
ਮੈਨੂੰ ਹਸਾਉਣ ਵਾਲੇ।
ਡੁੱਬ ਗਈ ਬੇੜੀ ਨੂੰ,
ਮੈਂ ਕੀ ਦੋਸ਼ ਦੇਵਾਂ,
ਆਪਣੇ ਹੀ ਨੇ 'ਗੁਰਵਿੰਦਰਾ',
ਮੈਨੂੰ ਡੁਬਾਉਣ ਵਾਲੇ।
ਸੁਣ ਲਈ ਮੇਰੀ ਵੀ,
ਇਕ ਅਰਜ਼ ਡਾਢਿਆ ਰੱਬਾ,
ਹੁਣ ਘੁੱਟਣ ਨਾ ਗਲ,
ਮੈਨੂੰ ਗਲ ਲਾਉਣ ਵਾਲੇ।

**ਗੁਰਵਿੰਦਰ ਗੁਰੂ**
ਪਿੰਡ ਕੈਂਪਰ, ਡਾਕ : ਦਿੜ੍ਹਬਾ,
ਤਹਿ: ਸੁਨਾਮ, ਜ਼ਿਲ੍ਹਾ : ਸੰਗਰੂਰ, ਪਿੰਨ : 148035,
ਮੋਬਾ: 99147-03067

# ਅੰਨਦਾਤਾ



**ਹਰਪ੍ਰੀਤ ਸਿੰਘ**
**ਸ਼ੇਰਗਿੱਲ**

ਅੰਨਦਾਤਾ ਆਖ ਸੁਣਾਵੇ, ਰੱਬਾ ਤੈਨੂੰ ਕੀ ਹੈ ਭਾਵੇ
ਹੱਡ ਵਾਹ ਕੇ ਕਮਾਈ ਕਰੀਏ, ਢਿੱਡ ਸਾਰੇ ਦੇਸ਼ ਦਾ ਭਰੀਏ
ਪੱਲੇ ਸਾਡੇ ਨਾ ਕੁਝ ਰਹੇ, ਖ਼ਰਚਿਆਂ ਨੇ ਸਭ ਹੈ ਭੁਲਾਤਾ
ਕਰਜ਼ਿਆਂ ਦੀ ਚੜ੍ਹੀ ਖ਼ੁਮਾਰੀ ਨੇ, ਰੱਸੇ ਨੂੰ ਗਲੇ ਦਾ ਹਾਰ ਬਣਾਤਾ
ਅੱਜ ਦੀ ਨਵੀਂ ਪਨੀਰੀ ਨੂੰ, ਬਿਨ ਫੈਸ਼ਨ ਦੇ ਨਾ ਕੁਝ ਭਾਵੇ
ਵੇਖ ਮਾੜੀ ਸੰਗਤ ਦੇ ਰੰਗਾਂ ਨੂੰ, ਨਸ਼ਾ ਕਰਨ ਦਾ ਚੇਤਾ ਆਵੇ
ਨਾ ਚੱਲੇ ਸਾਈਕਲ ਬਾਪੂ ਦਾ, ਜਦ ਬੁਲੇਟ ਦਾ ਗੇੜਾ ਲਾਤਾ
ਕਰਜ਼ਿਆਂ ਦੀ ਚੜ੍ਹੀ ਖੁਮਾਰੀ ਨੇ, ਰੱਸੇ ਨੂੰ ਗਲੇ ਦਾ ਹਾਰ ਬਣਾਤਾ
ਸਿਖਰਾਂ ਤੇ ਚੜ੍ਹੀ ਮਹਿੰਗਾਈ ਨੇ, ਖਾਣ ਤੋਂ ਅੰਨਦਾਤਾ ਤਰਸਾਇਆ
ਸਹਾਰ ਕੇ ਖਰਚਾ ਪੜ੍ਹਾਈ ਦਾ, ਧੀ ਦੇ ਵਿਆਹ ਨੇ ਫ਼ਿਕਰ ਪਾਇਆ
ਦਾਜ ਦੀ ਬਣੀ ਲਿਸਟ ਨੇ ਯਾਰੋ, ਸੌਦਾ ਜ਼ਮੀਨ ਦਾ ਹੀ ਕਰਵਾਤਾ
ਕਰਜ਼ਿਆਂ ਦੀ ਚੜ੍ਹੀ ਖੁਮਾਰੀ ਨੇ, ਰੱਸੇ ਨੂੰ ਗਲੇ ਦਾ ਹਾਰ ਬਣਾਤਾ
ਇਹ ਕੈਸੇ ਚੋਜ਼ ਅਮੀਰਾਂ ਦੇ, ਗ਼ਰੀਬਾਂ ਲਈ ਨਰਕ ਬਣਾਉਂਦੇ
ਫਿਰ ਛੱਡ ਈਮਾਨਦਾਰੀ ਨੂੰ, ਬੇਈਮਾਨੀ ਦੇ ਰਾਹ ਤੇ ਆਉਂਦੇ
"ਹਰਪ" ਕਹੇ ਵਿਚ ਰਾਜਪੁਰੇ, ਲੋਕਾਂ ਆਪਸੀ ਪਿਆਰ ਮੁਕਾਤਾ
ਕਰਜ਼ਿਆਂ ਦੀ ਚੜ੍ਹੀ ਖੁਮਾਰੀ ਨੇ, ਰੱਸੇ ਨੂੰ ਗਲੇ ਦਾ ਹਾਰ ਬਣਾਤਾ



# ਪੰਜਾਬ

ਪੰਜਾਬ ਗੁਰੂਆਂ, ਪੀਰਾਂ ਦੀ ਧਰਤੀ,
ਜਿੱਥੇ ਉਨ੍ਹਾਂ ਖ਼ੂਨ ਡੁਲਾਇਆ ਸੀ
ਭਗਤ, ਸਰਾਭੇ ਜਿਹੇ ਹੀਰਿਆਂ ਨੇ,
ਲਾੜੀ ਮੌਤ ਨੂੰ ਗਲੇ ਲਾਇਆ ਸੀ
ਜਿਥੇ ਪੰਜਾਬੀਆਂ ਦੀ ਅਣਖ ਨੇ,
ਜ਼ੁਲਮਾਂ ਵਾਲੀ ਗੱਲ ਨਾ ਸਹੀ
ਪੰਜ ਦਰਿਆਵਾਂ ਦੀ ਧਰਤੀ,
ਹੁਣ ਪਹਿਲਾਂ ਵਰਗੀ ਨਾ ਰਹੀ
ਜਿਥੇ ਪਿਆਰ ਦੀ ਖ਼ੁਸ਼ਬੂ ਆਉਂਦੀ ਸੀ,
ਵੈਰ-ਵਿਰੋਧ ਦੀ ਗੱਲ ਨਾ ਭਾਉਂਦੀ ਸੀ
ਇਹ ਗੱਲ ਨਾ ਜਾਣ ਕਿਤਾਬੀ,
ਹਿੱਕ ਤਾਣ ਕੇ ਖੜ੍ਹਦੇ ਸੀ ਪੰਜਾਬੀ
ਖਿੱਚੀ ਲਕੀਰ ਜ਼ਾਲਮਾਂ ਤੇ,
ਕਦੇ ਡਰਕੇ ਵੀ ਨਾ ਢਹੀ
ਪੰਜ ਦਰਿਆਵਾਂ ਦੀ ਧਰਤੀ
ਹੁਣ ਪਹਿਲਾਂ ਵਰਗੀ ਨਾ ਰਹੀ
ਗੁਰੂਆਂ, ਪੀਰਾਂ ਦੀ ਬਾਣੀ ਤੇ
ਹੁਣ ਨਾ ਕੋਈ ਅਸਰ ਕਰੇ
ਨਾ ਯਾਦ ਪਿਛੋਕੜ ਆਪਣਾ
ਕਿਵੇਂ ਉਹ ਕੌਮ ਲਈ ਮਰੇ
ਕਰਦੀ ਜ਼ੁਲਮ ਗ਼ਰੀਬਾਂ ਤੇ
ਇਹ ਅੱਤਿਆਚਾਰਾਂ ਵਾਲੀ ਬਹੀ
ਪੰਜ ਦਰਿਆਵਾਂ ਦੀ ਧਰਤੀ
ਹੁਣ ਪਹਿਲਾਂ ਵਰਗੀ ਨਾ ਰਹੀ
ਪਿਆਰ-ਮੁਹੱਬਤ ਵਾਲੇ ਫੁੱਲਾਂ 'ਚ
ਖ਼ੁਸ਼ਬੂ ਵੈਰ-ਵਿਰੋਧ ਦੀ ਆਉਂਦੀ
"ਹਰਪ" ਨਾ ਖਾਣ ਮਲਾਈਆਂ
ਜਦ ਪੀਜਿਆ ਦੀ ਯਾਦ ਸਤਾਉਂਦੀ
ਨਸ਼ਾ ਰੋਮ-ਰੋਮ 'ਚ ਵਸਿਆ
ਜਵਾਨੀ ਇਹ ਗੱਲ ਜਾਵੇ ਕਹੀ
ਪੰਜ ਦਰਿਆਵਾਂ ਦੀ ਧਰਤੀ
ਹੁਣ ਪਹਿਲਾ ਵਰਗੀ ਨਾ ਰਹੀ

# ਔਰਤ

ਸੁਣ ਵੇ ਰੱਬਾ ਪੁਕਾਰ ਮੇਰੀ
ਮੈਂ ਔਰਤ ਹਾਲ ਸੁਣਾਉਣੀ ਆ
ਤੇਰੀ ਬਖ਼ਸ਼ੀ ਜ਼ਿੰਦਗੀ ਨੂੰ
ਦੁੱਖਾਂ ਵਿਚੋਂ ਲੰਘਾਉਣੀ ਆ
ਤੇਰੇ ਸਫ਼ਰ ਤੋਂ ਆਖੀਰ ਤੱਕ
ਹਰ ਸਾਹ ਨੂੰ ਪੂਰਾ ਕਰਦੀ ਆ
ਦੁੱਖਾਂ ਭਰੀ ਜ਼ਿੰਦਗੀ ਵੇ ਰੱਬਾ
ਵੇਖ ਕਿੱਦਾਂ ਮੈਂ ਹੱਸ ਜਰਦੀ ਆ
ਤੂੰ ਭੇਜੇ ਮੈਨੂੰ ਉਸ ਨਗਰੀ 'ਚ
ਜਿੱਥੇ ਮਾਪੇ ਨਾ ਸਵੀਕਾਰਦੇ ਨੇ
ਸੁਣਿਆ ਉਹ ਬੰਦੇ ਵੀ ਤੇਰੇ
ਜਿਹੜੇ ਹੱਕ ਮੇਰਾ ਨਕਾਰਦੇ ਨੇ
ਦੁਨੀਆਂ ਵੇਖਣ ਤੋਂ ਪਹਿਲਾ ਹੀ
ਮੈਂ ਕੁੱਖਾਂ ਦੇ ਵਿਚ ਮਰਦੀ ਆ
ਦੁੱਖਾਂ ਭਰੀ ਜ਼ਿੰਦਗੀ ਵੇ ਰੱਬਾ
ਵੇਖ ਕਿੱਦਾਂ ਮੈਂ ਹੱਸ ਜਰਦੀ ਆ
ਫਿਰ ਐਸਾ ਵਖ਼ਤ ਹੈ ਆਵੇ
ਜਦ ਜਵਾਨੀ ਦਾ ਫ਼ੈਸਲਾ ਹੋਵੇ
ਮੈਨੂੰ ਵੇਖਣ ਤੋਂ ਪਹਿਲਾ ਹੀ
ਗੱਲ ਨੋਟਾਂ ਦੀ ਪੰਡ ਤੇ ਖਲੋਵੇ
ਤਸੀਹੇ ਸਹਿ ਕੇ ਲਾਲਚੀਆਂ ਦੇ
ਉਨ੍ਹਾਂ ਅੱਗੇ ਜਾ ਹਰਦੀ ਆ
ਦੁੱਖਾਂ ਭਰੀ ਜ਼ਿੰਦਗੀ ਵੇ ਰੱਬਾ
ਵੇਖ ਕਿੱਦਾਂ ਮੈਂ ਹੱਸ ਜਰਦੀ ਆ
ਦਰ-ਦਰ ਦੀਆਂ ਠੋਕਰਾਂ ਖਾ ਕੇ
ਢਿੱਡੋਂ ਜੰਮੇ ਤੋਂ ਆਸ ਰੱਖਦੀ ਹਾਂ
ਉਹ ਵੀ ਇਕ ਦਿਨ ਟੁੱਟ ਜਾਂਦੀ
ਜਦ ਬੇਗਾਨੀ ਭੱਠੀ ਵਿਚ ਭੱਖਦੀ ਹਾਂ।
"ਹਰਪ" ਮੈਂ ਬਦਨਸੀਬ ਆ
ਜੋ ਘੁੱਟ ਸਬਰ ਦਾ ਭਰਦੀ ਆ
ਦੁੱਖਾਂ ਭਰੀ ਜ਼ਿੰਦਗੀ ਵੇ ਰੱਬਾ
ਵੇਖ ਕਿੱਦਾਂ ਮੈਂ ਹੱਸ ਜਰਦੀ ਆ



# ਪੱਛਮੀ ਸਭਿਆਚਾਰ

ਇਹ ਪੱਛਮੀ ਸਭਿਆਚਾਰ ਨੇ
ਹੁਣ ਕੈਸਾ ਪੰਗਾ ਪਾਤਾ
ਮਿਟਾ ਕੇ ਸੰਗਾਂ, ਸ਼ਰਮਾਂ ਨੂੰ
ਕੰਜਰੀ ਦਾ ਬਾਜ਼ਾਰ ਬਣਾਤਾ
ਅੱਧ ਨੰਗਿਆਂ ਦੇ ਪਹਿਰਾਵੇ ਨੂੰ
ਹੁਣ ਇੱਜ਼ਤਾਂ ਦੀ ਨਾ ਯਾਦ ਸਤਾਵੇ
ਸੁਣ ਪੰਜਾਬ ਦੀਏ ਮੁਟਿਆਰੇ
ਕਿਉਂ ਪੰਜਾਬਣ ਦਾ ਮਾਣ ਗਵਾਵੇ
ਭੁੱਲ ਪੰਜਾਬੀ ਸੂਟਾਂ ਨੂੰ
ਤੰਗ ਜਿਹੀਆਂ ਜੀਨਾਂ ਪਾਉਂਦੀ
ਸਿਰ ਤੋਂ ਚੁੰਨੀ ਲੱਥ ਕੇ
ਵਾਲਾਂ ਦਾ ਸਟਾਇਲ ਬਣਾਉਂਦੀ
ਕੱਟ ਲਵਾ ਕੇ ਗੁੱਤਾਂ ਨੂੰ
ਹੁਣ ਡੋਰੀਆ ਕੌਣ ਸਜਾਵੇ
ਸੁਣ ਪੰਜਾਬ ਦੀਏ ਮੁਟਿਆਰੇ
ਕਿਉਂ ਪੰਜਾਬਣ ਦਾ ਮਾਣ ਗਵਾਵੇ
ਨਾ ਕੱਠੀਆਂ ਹੋਣ ਨਣਦਾਂ-ਭਰਜਾਈਆਂ
ਤੀਆਂ ਵਾਲੀਆਂ ਪੀਂਘਾਂ ਵੀ ਭੁਲਾਈਆਂ
ਮੀਂਹ ਪਵਾਉਣ ਲਈ ਕੁੜੀਆਂ
ਨਾ ਗੁੱਡੀਆਂ ਫੂਕਣ ਆਈਆਂ
ਹੁਣ ਵਿਆਹਾਂ 'ਚ ਮੁਟਿਆਰਾਂ ਨੂੰ
ਸੁਹਾਗ ਤੇ ਘੋੜੀ ਨਾ ਗਾਉਣੀ ਆਵੇ
ਸੁਣ ਪੰਜਾਬ ਦੀਏ ਮੁਟਿਆਰੇ
ਕਿਉਂ ਪੰਜਾਬਣ ਦਾ ਮਾਣ ਗਵਾਵੇ
ਫੈਸ਼ਨਾਂ ਦੀ ਚੜ੍ਹੀ ਖ਼ੁਮਾਰੀ ਨੇ
ਵਿਰਸੇ ਨੂੰ ਹੈ ਠੱਲ ਪਾਈ
ਸਹੁਰੇ ਘਰ ਵਿਚ ਨੂੰਹ ਨੇ
ਘੁੰਡ ਕੱਢਣ ਦੀ ਰੀਤ ਭੁਲਾਈ
ਹੁਣ ਰਾਜਪੁਰੇ ਵਾਲੇ "ਹਰਪ" ਨੂੰ
ਫ਼ਿਕਰ ਸਭਿਆਚਾਰ ਦਾ ਖਾਵੇ
ਸੁਣ ਪੰਜਾਬ ਦੀਏ ਮੁਟਿਆਰੇ
ਕਿਉਂ ਪੰਜਾਬਣ ਦਾ ਮਾਣ ਗਵਾਵੇ

## ਕੌੜਾ ਸੱਚ

ਇੱਕੀਵੀਂ ਸਦੀ ਦੇ ਪੜ੍ਹਿਆ ਤੋਂ
ਮਾਮਲੇ ਨਾ ਹੀ ਜਾਣ ਵਿਚਾਰੇ
ਨਾ ਲੱਭਣ ਰਿਸ਼ਤੇ ਕੁੜੀਆਂ ਦੇ
ਉਮਰੋਂ ਵੱਧਦੇ ਜਾਣ ਕੁਆਰੇ
ਨਹੀਂਓਂ ਹੋਇਆ ਅਸਰ ਕਿਸੇ ਤੇ
ਇਹਨਾਂ ਚੱਲ ਰਹੇ ਸੈਮੀਨਾਰਾਂ ਤੋਂ
ਮਾਪੇ ਧੀ ਜੰਮਣ ਤੋਂ ਨਹੀਂ ਡਰਦੇ
ਉਹ ਡਰਦੇ ਨੇ ਅੱਤਿਆਚਾਰਾਂ ਤੋਂ
ਧੀ ਦੀ ਜ਼ਿੰਦਗੀ ਬਣਾਉਣ ਲਈ
ਮਾਪੇ ਪੂਰੀ ਵਾਹ ਲਾਉਂਦੇ ਨੇ
ਨੇ ਕਰਨ ਤੌਬਾ ਕਲਯੁੱਗ ਤੋਂ
ਭੈੜੇ ਸਾਏ ਤੋਂ ਬਚਾਉਂਦੇ ਨੇ
ਨਾ ਲੱਗੇ ਦਾਗ ਪੱਗ ਤੇ
ਭੈਅ ਮਨਾਂ 'ਚ ਬਲਾਤਕਾਰਾਂ ਤੋਂ
ਮਾਪੇ ਧੀ ਜੰਮਣ ਤੋਂ ਨਹੀਂ ਡਰਦੇ
ਉਹ ਡਰਦੇ ਨੇ ਅੱਤਿਆਚਾਰਾਂ ਤੋਂ
ਦਾਜ ਦੇ ਲੋਭੀ ਲਾਲਚ ਲਈ
ਧੀ-ਧਿਆਣੀ ਨੂੰ ਸਾੜ ਦਿੰਦੇ
ਕੋਟ-ਕਚਹਿਰੀ ਵਾਲੇ ਵੀ
ਸੱਚ ਦਾ ਵਰਕਾ ਪਾੜ ਦਿੰਦੇ
ਕਾਨੂੰਨ ਨਾ ਬਣਦੇ ਜ਼ੁਲਮਾਂ ਤੇ
ਇਹ ਮੌਕੇ ਦੀਆਂ ਸਰਕਾਰਾਂ ਤੋਂ
ਮਾਪੇ ਧੀ ਜੰਮਣ ਤੋਂ ਨਹੀਂ ਡਰਦੇ
ਉਹ ਡਰਦੇ ਨੇ ਅੱਤਿਆਚਾਰਾਂ ਤੋਂ
ਇਹ ਕਲਯੁੱਗ ਦੇ ਜ਼ਮਾਨੇ ਤੇ
ਰੱਬਾ ਤੂੰ ਹੀ ਨੱਥ ਪਾ ਜਾ
ਔਰਤ ਵਾਲੀ ਜ਼ਿੰਦਗੀ ਵਿੱਚੋਂ
ਇਹਨਾਂ ਕਸ਼ਟਾਂ ਨੂੰ ਮੁਕਾ ਜਾ
"ਹਰਪ" ਕਰੇ ਅਰਦਾਸਾਂ ਬਚਾ
ਚਿੜੀਆਂ ਦੇ ਚੰਬੇ ਨੂੰ ਸ਼ਿਕਾਰਾਂ ਤੋਂ
ਮਾਪੇ ਧੀ ਜੰਮਣ ਤੋਂ ਨਹੀਂ ਡਰਦੇ
ਉਹ ਡਰਦੇ ਨੇ ਅਤਿਆਚਾਰਾਂ ਤੋਂ

**-ਹਰਪ੍ਰੀਤ ਸਿੰਘ ਸ਼ੇਰਗਿੱਲ**
ਸਪੁੱਤਰ ਭਗਵੰਤ ਸਿੰਘ ਸ਼ੇਰਗਿੱਲ, # ਸੇਵਕ ਕਾਲੋਨੀ, ਪਟਿਆਲਾ,
ਮੋਬਾ : 98886-50013, 98152-11236





**ਹੈਪੀ ਭਾਮ**

## ਧੀਆਂ

ਇਸ ਜਗਤ ਵਿੱਚ ਨਿੱਤ ਹੀ ਵੈਸੇ, ਹੁੰਦੇ ਨੇ ਕਈ ਵਣਜ-ਵਪਾਰ।
ਵੇਚਣ ਵਾਲਾ ਕੀਮਤ ਲਾਉਂਦਾ, ਸਦਾ ਮੁੱਲ ਤਾਰਨ ਖਰੀਦਦਾਰ।
ਵੱਖਰੀ ਕਿਸਮ ਦਾ ਸੌਦਾ ਵਿਕਦਾ, ਵੇਖਿਆ ਇਹਨਾਂ ਅੱਖੀਆਂ ਨਾਲ।
ਵੇਚਣ ਵਾਲੇ ਖਿੜੇ ਮੱਥੇ ਜਦ, ਹੱਥ ਜੋੜ ਕੇ ਕੀਮਤਾਂ ਰਹੇ ਉਤਾਰ।
ਮੂੰਹ ਮੰਗੀ ਕੀਮਤ ਲੈ ਕੇ ਵੀ, ਦੱਸਦਾ ਬੇਗਾਨੀ ਸਾਰਾ ਪਰਿਵਾਰ।
ਹਰ ਧੀ ਆਖਿਰ ਨੂੰਹ ਏਂ ਬਣਨੀ, ਨੂੰਹ ਨੂੰ ਧੀ ਨਾ ਕਰਨ ਸਵੀਕਾਰ।
ਸੋਚ ਨਿਕੰਮੀ ਸਦਕੇ ਅੱਜ ਲੋਕੀਂ, ਕੁੱਖ ਵਿਚ ਧੀਆਂ ਰਹੇ ਨੇ ਮਾਰ।
ਧੀ ਜੰਮੀ ਬਾਬਲ ਪਿਆ ਰੋਵੇ, ਅਣ-ਆਈ ਮਰਗੇ ਵਧਿਆ ਸਿਰ ਭਾਰ।
ਧੀ ਮਾਂ ਪਤਨੀ ਦਾਦੀ ਨਾਨੀ, ਕਰਦੀ ਹਰ ਰਿਸ਼ਤੇ ਦੀ ਸ਼ੁਰੂਆਤ।
ਘਰ ਦੇ ਰਿਸ਼ਤਿਆਂ ਵਾਂਗ ਬਾਹਰ ਵੀ, ਔਰਤ ਦਾ ਕਰੀਏ ਸਤਿਕਾਰ।
ਸੀਟੀ ਮਾਰੇ ਜਾਂ ਬਾਂਹ ਕੋਈ ਫੜਦਾ, ਕੋਈ ਰਾਹ ਰੋਕੇ ਸ਼ਰੇਬਾਜ਼ਾਰ।
ਧੀ ਗ਼ਰੀਬ ਦੀ ਲੁਕ-ਲੁਕ ਰੋਵੇ, ਚੁੱਪ ਚਾਪ ਸਹੇ ਕਿਉਂ ਅੱਤਿਆਚਾਰ।
ਘਰ ਵਿਚ ਪੁੱਤਾਂ ਵਾਂਗੂੰ ਧੀ ਵੀ, ਬਣਦੀ ਹਰ ਕੰਮ ਦੀ ਮੁਖ਼ਤਿਆਰ।
ਘਰੋਂ ਬਾਹਰ ਇਸ ਮਰਦ ਸਮਾਜ 'ਚ, ਕੰਬਣ ਲੱਤਾਂ ਸੁਣ ਕੇ ਗਾਲ।
ਕੰਧਾਂ ਨਾਲ ਲੱਗ ਛੱਡ ਦਿਉ ਰੋਣਾ, ਸੁੱਖ ਨਾਲ ਜੀਣਾ ਜੇ ਦਿਨ ਚਾਰ।
'ਹੈਪੀ ਭਾਮ' ਹੱਕ ਆਪਣੇ ਦੇ ਲਈ, ਲੜਨਾ ਪੈਂਦਾ ਫੜ ਹਥਿਆਰ।

# ਅੰਧਕਾਰ

ਤੇਰੇ ਆਪਣਿਆਂ ਵਿੱਚ ਨਾਂ ਆਪਣਾ, ਆਉਂਦਾ ਨਹੀਂ ਏ ਜਿਸ ਦਿਨ ਤੋਂ,
ਖਾਣਾ-ਪੀਣਾ ਮਨ ਮੇਰੇ ਨੂੰ, ਭਾਉਂਦਾ ਨਹੀਂ ਏ ਉਸ ਦਿਨ ਤੋਂ।
ਤਾਂਘ ਮੁੱਕ ਗਈ ਬੋਲਣ ਦੀ, ਜਿੱਦਣ ਤੂੰ ਬੁਲਾਇਆ ਨਹੀਂ,
ਪਿਆਰ ਨਾਲ ਨਾਚੀਜ਼ ਕਿਸੇ ਨੂੰ, ਬੁਲਾਉਂਦਾ ਨਹੀਂ ਏ ਉਸ ਦਿਨ ਤੋਂ।
ਹਾਲਾਤ ਬਦਲਦੇ ਨਹੀਂ ਮੇਰੇ, ਸਮਾਂ ਹਰ ਪਲ ਭਾਰੀ ਪੈ ਰਿਹਾ,
ਕੋਈ ਸਮਾਚਾਰ ਵੀ ਰਾਹਤ ਦਾ, ਸੁਣਾਉਂਦਾ ਨਹੀਂ ਏ ਉਸ ਦਿਨ ਤੋਂ।
ਤੇਰੀ ਬੇਰੁਖ਼ੀ ਤੇ ਰੁਸਵਾਈ, ਮੈਂ ਵਾਂਗ ਸਜ਼ਾ ਦੇ ਭੁਗਤ ਰਿਹਾ।
ਰੱਬ ਡਾਢਾ ਵੀ ਇਸ ਸਜ਼ਾ ਤੋਂ, ਬਚਾਉਂਦਾ ਨਹੀਂ ਏ ਉਸ ਦਿਨ ਤੋਂ।
ਮੁਸ਼ਕਲ-ਮੁਸੀਬਤ ਵਿੱਚ ਘਿਰਿਆ, ਜ਼ਿੰਦਗੀ ਉਦਾਸ-ਨਿਰਾਸ਼ ਜਹੀ,
ਦਵਾ-ਦਾਰੂ ਵੀ ਅਸਰ ਕੋਈ, ਵਿਖਾਉਂਦਾ ਨਹੀਂ ਏ ਉਸ ਦਿਨ ਤੋਂ।
ਇਕਲਾਪੇ ਦੀ ਵਾਟ ਲੰਮੇਰੀ, ਹਰ ਪਾਸੇ ਘੇਰੇ ਤਨਹਾਈਆਂ ਦੇ,
ਕੋਈ ਰਾਹ ਆਸ ਦਾ ਤੇਰੇ ਤੀਕ, ਪਹੁੰਚਾਉਂਦਾ ਨਹੀਂ ਏ ਉਸ ਦਿਨ ਤੋਂ।
ਜ਼ਿੰਦਗੀ ਜਾਪੇ 'ਅੰਧਕਾਰ' ਜਹੀ, ਮੈਂ ਮੌਤ ਦੇ ਦਰ ਤੇ ਆ ਬੈਠਾ,
ਬਿਨ ਤੇਰੇ 'ਹੈਪੀ ਭਾਮ' ਜੀਣਾ, ਚਾਹੁੰਦਾ ਨਹੀਂ ਏ ਉਸ ਦਿਨ ਤੋਂ।



# ਲਫਜ਼

ਯਾਦਾਂ ਤੇਰੀਆਂ ਵਿੱਚ ਜ਼ਿੰਦਗੀ ਲੰਘੀ, ਰਹਿੰਦੀ ਮੈਂ ਸਮੇਟਣ ਵਿੱਚ ਲਾ ਦਿੱਤੀ।
ਤੈਨੂੰ ਅੱਜ ਤੱਕ ਨਹੀਂ ਭੁਲਾ ਪਾਇਆ, ਭਾਵੇਂ ਹਰ ਇੱਕ ਚੀਜ਼ ਗੁਆ ਦਿੱਤੀ।
ਧੁੰਦਲਾ ਜਿਹਾ ਤੇਰਾ ਚਿਹਰਾ ਚੇਤੇ, ਸੁਪਨਿਆਂ ਵਾਲੀ ਅੱਖ ਖੋਹ ਗਈ।
ਤਸਵੀਰ ਤੇਰੀ ਦਾ ਰੰਗ ਵੀ ਉਡਿਆ, ਮੇਰੀ ਜ਼ਿੰਦਗੀ ਵਾਂਗ ਬੇਰੰਗ ਹੋ ਗਈ।
ਖ਼ਤ ਖਿੰਡਦੇ ਤੇਰੇ ਹੱਥ ਲਾਇਆ, ਖੇਰੂੰ ਹੋਏ ਮੇਰੇ ਅਰਮਾਨਾਂ ਦੀ ਤਰ੍ਹਾਂ।
ਸਭ ਕਾਰਡ ਤੇਰੇ ਜੋ ਸਾਂਭ ਸੀ ਰੱਖੇ, ਪਏ ਟੁੱਟੇ ਤੀਰ ਕਮਾਨਾਂ ਦੀ ਤਰ੍ਹਾਂ।
ਤੇਰੀ ਦਿੱਤੀ ਤਾਜ ਨਿਸ਼ਾਨੀ ਨੂੰ, ਮੈਂ ਯਮਨਾ ਵਿਚ ਵਹਾਅ ਆਇਆ।
ਹਾਮੀ ਭਰਦੀ ਸੀ ਤੇਰੇ ਵਾਅਦੇ ਦੀ, ਮੁੰਦੀ ਕਬਰਾਂ ਵਿੱਚ ਦਬਾਅ ਆਇਆ।
ਸਭ ਯਾਦਾਂ ਦਫ਼ਨ ਕਰ ਬੈਠੇ ਹਾਂ, 'ਹੈਪੀ' ਚੇਤੇ ਕਰਕੇ ਹੁਣ ਕੀ ਲੈਣਾ।
"ਤੈਥੋਂ ਵੱਖ ਹੋ ਕੇ ਨਹੀਂ ਜੀਅ ਹੋਣਾ", ਕਿੰਝ ਭੁੱਲ ਤੇਰਾ ਇਹ ਲਫਜ਼ ਕਹਿਣਾ।

# ਦਿਲਜਲੇ

ਦਿਲਜਲੇ ਦਿਲਗੀਰ ਹਾਂ ਯਾਰੋਂ, ਇਸ਼ਕੇ ਦੀ ਅੱਗ ਵਿਚ ਸੜ ਰਹੇ ਹਾਂ,
ਅੱਗ ਬੁਝਦੀ ਨਾ ਮੁੱਕਦਾ ਬਾਲਣ, ਪੋਟਾ-ਪੋਟਾ ਕਦਮਾਂ ਵਿਚ ਧਰ ਰਹੇ ਹਾਂ।
ਨਾ ਯਾਦਾਂ ਜੀਵਣ ਮਰਨ ਦੇਵਣ, ਨਾ ਪੈਰ ਪਿੱਛੇ ਹੁਣ ਧਰਨ ਦੇਵਣ,
ਜ਼ਿੰਦਗੀ ਯਾਦਾਂ ਵਿਚ ਸੜੇ, ਖ਼ਮਿਆਜ਼ਾ ਗਲਤੀ ਦਾ ਭਰ ਰਹੇ ਹਾਂ।
ਅਸੀਂ ਇਸ਼ਕੇ ਤੋਂ ਅਣਜਾਣ ਜਹੇ, ਲੱਭੇ ਸੱਜਣ ਵੀ ਬੇਈਮਾਨ ਜਹੇ,
ਇਸ਼ਕ ਜ਼ੋਰਾ ਨਾਲ ਕਿਨ ਜਿੱਤਿਆ, ਕਮਲੇ ਦਿਲ ਪਿੱਛੇ ਹਰ ਰਹੇ ਹਾਂ।
ਇੱਕ ਟੁੱਟਿਆ ਇਸ਼ਕ ਏ ਆਪ ਬੁਰਾ, ਦੂਜਾ ਸੜਦੇ ਦਿਲ ਦਾ ਤਾਪ ਬੁਰਾ,
ਤੀਜਾ ਰੂਹ ਤੱਕ ਸੇਕ ਏ ਪਹੁੰਚ ਰਿਹਾ, ਤਨ ਤੋਂ ਮਨ ਤਾਈਂ ਸੜ ਰਹੇ ਹਾਂ।
ਹੁਣ ਜ਼ਿੰਦਗੀ ਪੱਲਾ ਫੜਾਉਂਦੀ ਨੀ, ਅੱਧ-ਮਰਿਆ ਮੌਤ ਵੀ ਆਉਂਦੀ ਨੀ,
ਅੱਗ ਹੱਡਾਂ ਦੇ ਵਿਚ ਸੁਲਗ ਰਹੀ, ਹਰ ਪਲ ਧੁਖ-ਧੁਖ ਕੇ ਮਰ ਰਹੇ ਹਾਂ।
ਕਰ ਅਹਿਸਾਨ ਤੂੰ ਝੌਂਕਾ ਲਾ ਜਾ, ਧੁਖਦੀ ਅੱਗ ਨੂੰ ਲਪਟ ਬਣਾ ਜਾ,
'ਹੈਪੀ ਭਾਮ' ਸੜ ਖਾਕ ਹੋ ਜਾਵੇ, ਅਸੀਂ ਹੋਰ ਧੁਖਣ ਤੋਂ ਡਰ ਰਹੇ ਹਾਂ।



# ਦੂਰੀ

ਅੱਧੀ ਰਾਤ ਦਾ ਵੇਲਾ ਨੀ, ਤੇ ਮੈਂ ਵਿਹਲਾ ਤਾਰੇ ਗਿਣਦਾ ਹਾਂ।
ਅੱਖੀਆਂ ਵਿੱਚ ਨੀਂਦਰ ਪੈਂਦੀ ਨੀ, ਹੰਝੂਆਂ ਦੇ ਸਾਗਰ ਮਿਣਦਾ ਹਾਂ।
ਖਾਮੋਸ਼ ਕਾਇਨਾਤ ਤੇ ਖਲਕਤ ਸੁੱਤੀ, ਹਿਜ਼ਰ ਦੇ ਹਉਕੇ ਭਰਦਾ ਹਾਂ।
ਦਿਲ ਦੇ ਦਰ ਸਮੇਟਣ ਦੀ, ਕੋਸ਼ਿਸ਼ ਅਣਥੱਕ ਮੈਂ ਕਰਦਾ ਹਾਂ।
ਤੇਰੀ ਕੁਝ ਕਦਮਾਂ ਦੀ ਦੂਰੀ ਨੇ, ਮੈਨੂੰ ਜੱਗ ਤੋਂ ਦੂਰ ਪਹੁੰਚਾ ਦਿੱਤਾ।
ਜ਼ਿੰਦ ਹਾਲੋਂ ਕਿੰਝ ਬੇਹਾਲ ਹੋਈ, ਸਾਨੂੰ ਮੋਇਆਂ ਵਿਚ ਮਿਲਾ ਦਿੱਤਾ।
ਬੇਲੋੜੀ ਜਿਹੀ ਕਿਸੇ ਵਸਤ ਤਰ੍ਹਾਂ, ਮੈਂ ਪਿਆ ਧਰਤ ਤੇ ਤੜਫ਼ ਰਿਹਾ।
ਹੁਣ ਕੌਣ ਸੁਣੇ ਮੇਰੇ ਦਰਦਾਂ ਨੂੰ, ਮੈਂ ਸਭ ਦੇ ਨੈਣੀਂ ਰੜਕ ਰਿਹਾ।
ਜਿਨ੍ਹਾਂ ਲਈ ਵੈਰੀ ਜੱਗ ਕੀਤਾ, ਉਹ ਵੈਰੀ ਸਾਡੇ ਹੋ ਤੁਰ ਗਏ।
ਪਰਖਾਂ ਦੀ ਅੱਗ ਤੇ ਪੱਕਿਆਂ ਮੈਂ, ਕਿਉਂ ਕੱਚਿਆਂ ਵਾਂਗੂੰ ਉਹ ਖੁਰ ਗਏ।

**ਹੈਪੀ ਭਾਮ ਕੁਵੈਤ**
ਪੁੱਤਰ : ਪਰਮਜੀਤ ਸਿੰਘ, ਪਿੰਡ ਤੇ ਡਾਕ: ਭਾਮ,
ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਪਿੰਨ : 146103
ਕੁਵੈਤ ਮੋਬਾ: +96565933450

# ਸ਼ੀਸ਼ਾ



**ਹਰਪ੍ਰੀਤ ਸਿੰਘ**
**ਗੁੱਲਰਵਾਲ**

ਚੜ੍ਹੀ ਜਵਾਨੀ ਲੋਹੜੇ ਦੀ ਲੱਗ ਪਈ ਮੈਂ ਤੱਕਣ ਸ਼ੀਸ਼ੇ ਨੂੰ
ਸਿਵਾਏ ਸੂਟ ਮੇਰੇ ਤੰਗ ਹੋ ਗਏ ਲੱਗੀ ਮੈਂ ਦੱਸਣ ਸ਼ੀਸ਼ੇ ਨੂੰ
ਫਿਰ ਸਭ ਸਿਆਣੇ ਕਹਿਣ ਲੱਗੇ, ਧੀਏ ਸਿਰ ਤੇ ਚੁੰਨੀ ਰੱਖਿਆ ਕਰ
ਉਦੋਂ ਸ਼ੀਸ਼ਾ ਹੀ ਮੈਨੂੰ ਕਹਿ ਦਿੰਦਾ, ਨਾ ਕੁੜੀਏ ਜਵਾਨੀ ਤੱਕਿਆ ਕਰ।

ਮੈਂ ਸਾਲ ਸੋਲ੍ਹਵੇਂ ਅੱਖੀਆਂ ਲਾਈਆਂ ਸੀ ਮੱਤ ਨਿਆਣੀ ਮੇਰੀ
ਕਰ ਗਈ ਅੱਲੜ ਉਮਰੇ ਗਲਤੀ ਬਾਬਲਾ ਪਰ ਹੁਣ ਧੀ ਸਿਆਣੀ ਤੇਰੀ
ਕਿਵੇਂ ਲਈ ਸਰਦਾਰੀ ਬਣਿਆ ਖ਼ਾਲਸਾ ਮੈਨੂੰ ਕੋਲ ਬਿਠਾ ਕੇ ਦੱਸਿਆ ਕਰ
ਉਦੋਂ ਸ਼ੀਸ਼ਾ.....................

ਤੋੜ ਆਈਆਂ ਹੁਣ ਮੈਂ ਅੰਮੀਏ ਸਭ ਕੀਤੇ ਕੌਲ ਕਰਾਰਾਂ ਨੂੰ
ਮਾਪਿਆਂ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੋ ਗਈਆਂ ਧੀਆਂ ਮੁਟਿਆਰਾਂ ਨੂੰ
ਤੁਸੀਂ ਟੋਕ ਦਿੰਦੇ ਮੈਂ ਸੰਭਲ ਜਾਂਦੀ, ਨਾ ਬਹੁਤਾ ਕੁੜੀਏ ਹੱਸਿਆ ਕਰ
ਉਦੋਂ ਸ਼ੀਸ਼ਾ.....................

ਹੁਣ ਭੁਲ ਗਈ ਬੀਤਿਆ ਵੇਲਾ ਮੈਂ ਸੰਸਕਾਰ ਚੰਗੇ ਅਪਣਾਊਂਗੀ
ਭੈਣ-ਭਰਾਵਾਂ ਨਾਲ ਮੈਂ ਰਹਿ ਕੇ ਵਧੀਆਂ ਮਾਹੌਲ ਬਣਾਊਂਗੀ
ਘਰ ਸਹੁਰੇ ਕਿਵੇਂ ਵੱਸਣਾ ਅੰਮੀਏ ਗੁਣ ਤੂੰ ਚੰਗੇ ਦੱਸਿਆ ਕਰ
ਉਦੋਂ ਸ਼ੀਸ਼ਾ.....................

ਉਹ ਸੁਧਰੇ ਹੋਏ ਪਾਗਲ ਹੁੰਦੇ ਜੋ ਨਾਂ ਤੋਂ ਕਵੀ ਕਹਾਉਂਦੇ
ਕਾਲੀਆਂ ਕਰ-ਕਰ ਚਿੱਟੀਆਂ ਕਾਪੀਆਂ, ਜੱਗ ਨੂੰ ਰਹਿਣ ਸਮਝਾਉਂਦੇ
ਹਰਪ੍ਰੀਤ ਕਹੇ ਹਰ ਮਾਂ ਨੂੰ ਧੀ-ਪੁੱਤ ਦੀ ਸੋਝੀ ਰੱਖਿਆ ਕਰ
ਉਦੋਂ ਸ਼ੀਸ਼ਾ.....................



# ਸਰਦਾਰ

ਯੂ.ਕੇ., ਅਮਰੀਕਾ ਭਾਵੇਂ ਯਾਰੋ ਹੋਏ ਕੈਨੇਡਾ ਬਈ
ਗਰਕ ਹੋ ਗਿਆ ਬੇੜਾ ਪੰਜਾਬੀਓ ਸਾਡਾ ਬਈ
ਤੁਸੀਂ ਭੱਜੋ ਫੈਸ਼ਨਾਂ ਪਿੱਛੇ ਨਾ, ਵਿਰਸੇ ਦਾ ਵੈਲਕਮ ਕਰੋ
ਸਾਡੀ ਸਿੱਖ ਕੌਮ ਸਰਦਾਰਾਂ ਦੀ, ਸਰਦਾਰਾਂ ਵਾਲੇ ਕੰਮ ਕਰੋ

ਨਸ਼ਿਆਂ ਦੀ ਲੱਤ ਲਾ ਲਈ ਅਸਾਂ ਸਰੀਰ ਨੂੰ
ਕੋਈ ਸਿੱਧੇ ਪਾਸੇ ਲਾਓ ਇਸ ਵਿਗੜੀ ਮੰਡੀਰ ਨੂੰ
ਵੀਕ ਐਂਡ ਤੇ ਲਾਉਣੇ ਸੂਟੇ, ਐਦਾਂ ਦਾ ਨਾਂ ਫਨ ਕਰੋ
ਸਾਡੀ ਸਿੱਖ ਕੌਮ ਸਰਦਾਰਾਂ ਦੀ, ਸਰਦਾਰਾਂ ਵਾਲੇ ਕੰਮ ਕਰੋ

ਯਾਦ ਕਰੋ ਤੁਸੀਂ ਸਾਰੇ ਗੁਰੂਆਂ ਦੀ ਕੁਰਬਾਨੀ ਨੂੰ
ਸਾਹਿਬਜ਼ਾਦਿਆਂ ਦੀ ਨਿਮਾਣੀ ਜਿਹੀ ਜਵਾਨੀ ਨੂੰ
ਸਾਡੇ ਖ਼ੂਨ 'ਚ ਅਸਰ ਸ਼ਹੀਦਾਂ ਦਾ, ਸੀਨਿਆਂ ਦੇ ਵਿਚ ਦਮ ਭਰੋ
ਸਾਡੀ ਸਿੱਖ................ਸਰਦਾਰਾਂ ਵਾਲੇ................

ਦਾੜ੍ਹੀ ਮੁੱਛਾਂ ਕੱਟੀਆਂ, ਕਤਲ ਕੇਸ ਵੀ ਹੋ ਗਏ ਨੇ
ਕਲਗੀ ਵਾਲਿਆਂ ਸਰਦਾਰ ਤੇਰੇ ਕਿਹੜੇ ਖ਼ਿਆਲੀ ਖੋ ਗਏ ਨੇ
'ਹਰਪ੍ਰੀਤ' ਵਾਂਗ ਤੁਸੀਂ ਸੰਭਲ ਜਾਓ, ਨਾਂ ਗੋਰਿਆਂ ਵਾਲਾ ਚੰਮ ਕਰੋ
ਸਾਡੀ ਸਿੱਖ................ਸਰਦਾਰਾਂ ਵਾਲੇ................

# ਅਸਾਂ ਨੂੰ ਮਾਣ ਵਤਨਾਂ ਦਾ

ਵਿਚ ਪ੍ਰਦੇਸਾਂ ਓਹ ਮੇਰੇ ਸੋਹਣਿਆਂ ਸੱਜਣਾਂ।
ਪੂਰੀ ਉਮਰ ਕਮਾਈਆਂ ਕਰ ਨਹੀਂ ਰੱਜਣਾ।
ਕੋਈ ਮੁੱਲ ਨਹੀਂ ਪੈਣਾ ਅੰਤ 'ਚ ਇਨ੍ਹਾਂ ਰਤਨਾਂ ਦਾ।
ਵਿਚ ਪ੍ਰਦੇਸਾਂ ਮਹਿਸੂਸ ਹੁੰਦਾ ਅਸਾਂ ਨੂੰ ਮਾਣ ਵਤਨਾਂ ਦਾ

ਪਿੰਡਾਂ ਦੀ ਉਹ ਮੌਜ-ਮਸਤੀ ਸਾਨੂੰ ਕੱਲਿਆਂ ਕਰ ਦਿੰਦੀ।
ਉਨ੍ਹਾਂ ਯਾਰਾਂ ਦੀ ਯਾਰੀ ਸਾਡੇ ਦਿਲ ਨੂੰ ਭਰ ਦਿੰਦੀ।
ਨਿੱਤ ਹੁੰਦਾ ਸੀ ਮੋੜਾਂ ਉੱਤੇ ਖੜਨਾਂ ਮਿੱਤਰਾਂ ਦਾ।
ਵਿਚ ਪ੍ਰਦੇਸਾਂ..................

ਵਗੇ ਵਾਹਣ ਵਿੱਚ ਪਤਾ ਲੱਗੇ ਯਾਰੋ ਕਬੱਡੀ ਪਾਉਣ ਦਾ।
ਹੁਣ ਕਦੇ ਮੌਕਾ ਨਹੀਂ ਮਿਲਿਆ ਡੋਲੇ ਫੜਕਾਉਣ ਦਾ।
ਅੱਜ ਵੀ ਚੇਤਾ ਆਉਂਦਾ ਯਾਰੋ ਖਾਧੇ ਮੱਖਣਾਂ ਦਾ।
ਵਿੱਚ ਪ੍ਰਦੇਸਾਂ..................

ਬਚਪਨ ਦੇ ਉਹ ਖੇਡ ਤਮਾਸ਼ੇ ਅੱਜ ਵੀ ਆਣ ਰਵੌਂਦੇ ਆ।
ਭੱਜ ਸਕੂਲੋਂ ਚੋਰੀ ਲੁਕਣਾ ਹੁਣ ਵੀ ਆਣ ਹਸੌਂਦੇ ਆ।
ਦਿਲ ਵਿੱਚ ਹੁਣ ਵੀ ਦਰਦ ਹੁੰਦਾ ਏ ਖਾਧੇ ਥੱਪੜਾਂ ਦਾ।
ਵਿੱਚ ਪ੍ਰਦੇਸਾਂ..................

ਛੱਡ ਵੇ 'ਹਰਪ੍ਰੀਤ' ਵਿੱਚ ਪ੍ਰਦੇਸਾਂ ਹੋਰ ਨਹੀਂ ਤੈਥੋਂ ਜੀ ਹੋਣਾ।
ਆਪਣਿਆਂ ਵਿੱਚ ਜ਼ਿੰਦਗੀ ਬਿਤਾਈਏ ਅੱਗੇ ਪਤਾ ਨਹੀਂ ਕੀ ਹੋਣਾ।
ਗੁੱਲਰ ਵਾਲੀ ਇੰਤਜ਼ਾਰ ਹੁੰਦਾ ਕਿਸੇ ਨੂੰ ਵਿਛੜੇ ਸੱਜਣਾਂ ਦਾ।
ਵਿੱਚ ਪ੍ਰਦੇਸਾਂ..................



# ਯਾਦ

ਸੱਜਣ ਮੇਰੇ ਵੱਲ ਜਾਂਦੇ ਰਾਹੀਓ ਸੁਨੇਹਾ ਲੈ ਜੋ ਇਕ ਮੇਰਾ।
ਜੇ ਮਿਲ ਜਾਵੇ ਕਿਤੇ ਮਰ ਜਾਣੀ ਸੁਣਾ ਦਿਓ ਦੁੱਖ ਮੇਰਾ।
ਦੱਸਿਓ ਦਿਲ ਕਿਸੇ ਗੱਭਰੂ ਦਾ ਤੇਰੀ ਯਾਦ 'ਚ ਸੜਦਾ ਏ।
ਜਾਨ ਮੇਰੀ ਨੂੰ ਕਹਿ ਦਿਓ, ਕੋਈ ਤੈਨੂੰ ਚੇਤੇ ਕਰਦਾ ਏ।

ਪੁੱਛਿਓ ਬਿਨ ਮੇਰੇ ਅੱਲੜ ਕੁੜੀ ਨੂੰ ਦਿਲ ਕਿੱਦਾਂ ਆਪਣਾ ਲਾਇਆ ਏ।
ਕਿ ਭੁੱਲ ਗਈ ਕੀਤੇ ਵਾਦਿਆਂ ਨੂੰ ਕੋਈ ਸੱਜਣ ਨਵਾਂ ਬਣਾਇਆ ਏ।
ਉਡੀਕ ਤੇਰੀ ਵਿੱਚ ਝੱਲਾ ਹੋਇਆ ਬਹੁਤ ਤੇਰੇ ਤੇ ਮਰਦਾ ਏ।
ਜਾਨ ਮੇਰੀ...........ਕੋਈ ਤੈਨੂੰ...........

ਕਿਹੋ ਇਸ਼ਕ ਤੇਰੇ ਵਿੱਚ ਕਮਲਾ ਹੋਇਆ ਅੱਜ ਨਹੀਂ ਤਾਂ ਕੱਲ ਮੁੱਕਿਆ।
ਬਿਨਾਂ ਤੇਰੇ ਦਿਲ ਲਾਉਣ ਲਈ ਦਾਰੂ ਦੀ ਆਦਤ ਪਾ ਚੁੱਕਿਆ।
ਗਲਾਸੀ ਵਿੱਚ ਫੋਟੋ ਦੇਖ ਤੇਰੀ ਹਾਏ ਪੈੱਗ ਉਹ ਭਰਦਾ ਏ।
ਜਾਨ ਮੇਰੀ...........ਕੋਈ ਤੈਨੂੰ...........

ਜੇ ਸੁਣ ਰੋਵੇ 'ਹਰਪ੍ਰੀਤ' ਬਾਰੇ ਫਿਰ ਕੱਲੀ ਨੂੰ ਬਹਿਣ ਦਿਓ।
ਨਾਂ ਪੁੱਛਿਓ ਅੱਥਰੂ ਉਸ ਕੁੜੀ ਦੇ ਨੈਣ ਮਿਲੇ ਰਹਿਣ ਦਿਓ।
ਤੁਸੀਂ ਸਮਝ ਜਾਣਾ ਕਿ ਦਿਲ ਉਹਦਾ 'ਗੁੱਲਰਵਾਲ' ਆਉਣ ਨੂੰ ਕਰਦਾ ਏ।
ਜਾਨ ਮੇਰੀ...........ਕੋਈ ਤੈਨੂੰ...........

## ਇਕੋ ਟਾਹਣੀ ਦੇ ਫੁੱਲ

ਆਪਾਂ ਇਕੋ ਟਾਹਣੀ ਦੇ ਫੁੱਲ ਸੱਜਣਾ
ਦੂਰੋਂ ਹੀ ਖਿੜੇ ਦਿਖ ਜਾਈਏ
ਕੋਈ ਦੇਖ ਇੱਕ ਨੂੰ ਤੋੜੇ ਨਾ
ਜਾਂ ਦੋਨੋਂ ਹੀ ਖਿੰਡ ਧਰਤੀ ਤੇ ਵਿਛ ਜਾਈਏ

ਐਨਾ ਮੇਰੇ ਤੇ ਨਾਂ ਮਰ ਸੱਜਣਾਂ
ਕਿ ਜ਼ਿੰਦਗੀ ਜੀਣ ਤੋਂ ਵੀ ਹੱਥ ਧੋ ਬੈਠੇਂ
ਜ਼ਿੰਦਗੀ ਚੰਗੀ ਕਿ ਮੌਤ ਮੈਨੂੰ
ਇਹ ਸੋਚਣ ਦਾ ਹੱਕ ਵੀ ਖੁਦ ਤੋਂ ਖੋ ਬੈਠੇ

ਦਰ-ਦਰ ਦੀਆਂ ਠੋਕਰਾਂ ਖਾ ਕੇ
ਦਰਦ ਆਪਣੇ-ਆਪ ਜੇ ਖੜ ਜਾਵੇ
ਮੈਂ ਤੈਨੂੰ ਕਦੇ ਰੋਣ ਤੋਂ ਨਾ ਰੋਕਾਂ
ਜੇ ਦੁੱਖ ਹੰਝੂਆਂ ਦੇ ਨਾਲ ਹੜ ਜਾਵੇ

ਕੰਡਿਆਂ ਦੇ ਝੁੰਡ ਵਿੱਚ ਖਿੜੇ
ਕਦੇ ਉਸ ਫੁੱਲ ਨੂੰ ਪੁੱਛੀ
ਹਾਏ ਕੀ-ਕੀ ਪੀੜਾਂ ਝੱਲੀਆਂ ਨੇ
ਉਸ ਦੀਆਂ ਕੋਮਲ ਕਲੀਆਂ ਨੇ
ਪੁੱਤਾਂ ਮਾਂ ਦੀ ਮਮਤਾ ਤੂੰ ਭੁਲਾ ਚੱਲਿਆ
ਵੇ ਕਦੇ ਪੁੱਛੀ ਹਰਪ੍ਰੀਤ
ਉਨ੍ਹਾਂ ਔਲਾਦਾਂ ਨੂੰ ਜਿਹੜੀਆਂ
ਹਾਏ ਬਿਨ ਮਾਪਿਆਂ ਦੇ ਪਲੀਆਂ ਨੇ

**ਹਰਪ੍ਰੀਤ ਭਿੰਡਰ ਗੁੱਲਰਵਾਲਾ**
ਪਤਾ ਪਿੰਡ ਤੇ ਡਾਕ : ਗੁੱਲਰਵਾਲਾ
ਤਹਿ: ਟੋਹਾਣਾ, ਜ਼ਿਲ੍ਹਾ : ਫਤਿਆਬਾਦ (ਹਰਿਆਣਾ)
ਮੋਬਾ : 085578-46505





**ਜਤਿੰਦਰ ਹਰਚੰਦ**

## ਗਜ਼ਲ (ਉਦਾਸੀਆਂ)

ਉਦਾਸੀਆਂ ਨੂੰ ਬੜਾ ਪਿੱਛੇ ਛੱਡ ਜਾਵਾਂ ਮੈਂ ॥
ਹੁਣ ਤਾਂ ਇੱਛਾ ਸੋਹਣੀਏ ਮਰ ਜਾਵਾਂ ਮੈਂ ।

ਸਿੱਖ ਲਿਆ ਜ਼ਿੰਦਗੀ ਤੋਂ ਹੁਣ ਮੈਂ ਬਹੁਤ ਕੁਝ,
ਮਰਨਾਂ ਵੀ ਹੁਣ ਦੇਖਕੇ ਅਜਮਾਵਾਂ ਮੈਂ ।

ਹੋ ਜਾਵੇ ਮੇਰੀ ਹਾਲਤ ਇੱਕ ਫ਼ਕੀਰ ਦੇ ਵਾਂਗ,
ਰੱਬ ਦੀ ਤਰ੍ਹਾਂ ਤੈਨੂੰ ਹਰ ਥਾਂ 'ਤੇ ਹੀ ਪਾਵਾਂ ਮੈਂ ।

ਲਗਦਾ ਨਹੀਂ ਦਿਲ ਮੇਰਾ ਰੁੱਤ ਬਹਾਰ ਦੇ ਵਿੱਚ,
ਸੁੰਨੇ ਮੇਲਿਆਂ ਵਿੱਚ ਦੇਖਣ ਤੈਨੂੰ ਜਾਵਾਂ ਮੈਂ ।

## ਗੀਤ

ਇੱਕ ਗੀਤ ਇਸ਼ਕ ਦਾ ਹੋਰ ਲਿਖਾਂ ਮੈਂ, ਸੋਹਣੀਏ ਤੇਰੇ ਨਾਂ ਤੇ ਨੀ।।
ਧਰਤੀ ਤੋਂ ਦੂਰ ਅੰਬਰਾਂ ਤੋਂ ਉੱਚਾ, ਬੈਠੇ ਸੁਰਗ ਦੀ ਥਾਂ ਤੇ ਨੀ॥

ਵਿੱਚ ਪਿਆਰ ਦੇ ਬੋਲ ਪਰੋਵਾਂ ਮੈਂ ਐਸਾ ਓ ਗੀਤ ਹੋ ਜਾਵੇ ਨੀ,
ਹਰ ਦਿਲ ਦੀ ਧੜਕਣ ਵਿੱਚ ਵਸ ਜੇ ਹਰ ਰੂਹ ਜਵਾਨ ਉਹਨੂੰ ਗਾਵੇ ਨੀ॥
ਮਕਬੂਲ ਕਰੇ ਮੈਨੂੰ ਸੋਹਣੀਏ, ਇਸ ਪਿਆਰੇ ਜਿਹੇ ਜਹਾਨ ਤੇ ਨੀ॥

ਫੁੱਲਾਂ ਜਿਹਾ ਰੰਗ ਹੋਵੇ ਭਰਿਆ, ਤਾਰਿਆ ਨਾਲ ਚਮਕੇ ਸੋਹਣਾ ਨੀ,
ਰੰਗ ਨੀਲੀ ਝੀਲ ਜਿਹਾ ਹੋਵੇ, ਬੱਚਿਆਂ ਜਿਹਾ ਮਨਮੋਹਣਾ ਨੀ॥
ਜਾਂ ਹੋਵੇ ਰੰਗ ਜਵਾਨੀ ਦਾ, ਮੁਸਕਾਵੇ ਜੋ ਹਰ ਥਾਂ ਤੇ ਨੀ।

ਸੀਤਲਤਾ ਹੋਵੇ ਦਿਨ ਚੜ੍ਹਦੇ ਦੀ, ਚਾਨਣ ਹੋਵੇ ਚੰਨ ਦੇ ਜਿਹਾ,
ਝਲਕੇ ਜੋ ਸਾਫ਼ ਸੁਨਹਿਰੀ ਨੀ, ਤੇਰੇ ਪਿਆਰ ਭਰੇ ਮਨ ਦੇ ਜਿਹਾ॥
ਸੁੰਦਰ ਹੋਵੇ ਤੇਰੇ ਮੁੱਖ ਜਿਹਾ, ਗੁਣ ਗੁਣਾਵਾਂ ਮੈਂ ਦਮਾਂ ਤੇ ਨੀ॥



## ਰੁਸਵਾਈਆਂ

ਤੇਰੀਆਂ ਸ਼ੁਹਰਤਾਂ ਦੇ ਨਾਲ ਮੇਰੀਆਂ ਰੁਸਵਾਈਆਂ ਜੁੜੀਆਂ ਨੇ।।
ਤੇਰੀਆਂ ਮਹਿਫਿਲਾਂ ਦੇ ਨਾਲ ਮੇਰੀਆਂ ਤਨਹਾਈਆਂ ਜੁੜੀਆਂ ਨੇ॥

ਤੂੰ ਮੈਥੋਂ ਜੁਦਾ ਹੋ ਕੇ ਨਾ ਸਮਝੀ ਕਿ ਤੂੰ ਤਨਹਾ ਹੈ,
ਸਦਾ ਹੀ ਤੇਰੇ ਨਾਲ ਮੇਰੀਆਂ ਪਰਛਾਈਆਂ ਜੁੜੀਆਂ ਨੇ॥

ਮੇਰੀ ਤਕਦੀਰ ਦੇ ਤਾਰੇ ਮੈਂ ਸੱਜਣਾਂ ਟੁੱਟਦੇ ਦੇਖੇ ਨੇ,
ਇਨ੍ਹਾਂ ਦੇ ਟੁੱਟਣ ਦੇ ਨਾਲ ਕਈ ਰੁਸ਼ਨਾਈਆਂ ਜੁੜੀਆਂ ਨੇ॥

ਮੈਂ ਓਨਾਂ ਹੀ ਸਮਝਦਾ ਹਾਂ, ਜਿਨ੍ਹਾਂ ਫਰਜ਼ ਹੈ ਮੇਰਾ,
ਹਰ ਇਕ ਮੁਲਾਕਾਤ ਨਾਲ ਕਈ ਜੁਦਾਈਆਂ ਜੁੜੀਆਂ ਨੇ॥

ਤਲਝਨਾਂ ਹਵਾ ਨੂੰ ਮਾਰੇ ਤੇ ਖ਼ੁਦ ਨੂੰ ਖ਼ੁਦਾ ਸਮਝੇ
ਤੇਰੀ ਹਰ ਉਡਾਰੀ ਨਾਲ ਕਈ ਦੁਆਵਾਂ ਜੁੜੀਆਂ ਨੇ॥

'ਹਰਚੰਦ' ਖਾਕ ਦਾ ਬਣਿਆ ਤੇ ਆਖਰ ਖਾਕ ਹੋ ਜਾਣਾ,
ਨਾ ਭੁੱਲ ਔਕਾਤ ਤੂੰ ਆਪਣੀ ਕਈ ਖੁਦਾਈਆ ਜੁੜੀਆਂ ਨੇ॥

ਮੇਰੀ ਹਰ ਸਤਰ ਨੂੰ ਲੋਕ ਮੇਰੇ ਤਜਰਬੇ ਕਹਿੰਦੇ ਨੇ,
ਮੇਰੀ ਹਰ ਗ਼ਜ਼ਲ ਦੇ ਨਾਲ ਕਈ ਬੇਵਫ਼ਾਈਆਂ ਜੁੜੀਆਂ ਨੇ॥

# ਦਰਦ ਦਾ ਦਰਿਆ

ਦਰਦ ਦਾ ਦਰਿਆ ਏ, ਕਦ ਤੱਕ ਹੜ੍ਹੇਗਾ ਕੀ ਪਤਾ ?
ਰਾਤ ਤਾਂ ਆਈ ਹੈ, ਸੂਰਜ ਕਦ ਚੜ੍ਹੇਗਾ ਕੀ ਪਤਾ ?

ਪਾ ਕੇ ਭਗਵੇਂ, ਫੜ ਕੇ ਮਾਲਾ, ਸਾਧ ਜੇ ਤੂੰ ਹੋ ਗਿਆ,
ਜ਼ਿੰਦਗੀ ਦੇ ਕਸਟਾਂ ਕੋਲੋਂ, ਬਚ ਸਕੇਂਗਾ ਕੀ ਪਤਾ ?

ਤੇਰੇ ਪਿੰਡ ਦੀ ਜੂਹ ਤਾਂ ਕੀ, ਆਪਣੇ ਦੀ ਛੱਡ ਆਇਆ ਹਾਂ,
ਨਾਂ ਕਰੀਂ ਇੰਤਜ਼ਾਰ ਮੇਰਾ, ਕਦ ਮੁੜਾਂਗਾ ਕੀ ਪਤਾ ?

ਲੋਕ ਪੁੱਛਦੇ 'ਹਰਚੰਦ' ਨੂੰ ਕਿੰਨੀ ਕੁ ਤੇਰੀ ਉਮਰ ਹੈ,
ਉਮਰ ਤਾਂ ਦੱਸਦਾ ਹਾਂ ਮੈਂ ਕਦ ਤੱਕ ਮਰਾਂਗਾ ਕੀ ਪਤਾ ?

ਮੈਂ ਤਾਂ ਚਾਹੁੰਦਾ ਸੀ ਕਿ ਸੂਰਜ ਬਣਕੇ ਚਮਕਾਂਗਾ ਕਦੀ,
ਇਸ ਹਨੇਰੇ ਵਿੱਚ ਮੈਂ ਜੁਗਨੂੰ ਵੀ ਬਣਾਂਗਾ ਕੀ ਪਤਾ ?

ਰਾਤ ਹੈ ਅੱਧੀ ਨਿੰਮ ਦੇ ਵਿੱਚ ਅਟਕਿਆ ਚੰਨ ਹੈ,
ਸੌਂ ਜਾ ਭਲਿਆ ਤੂੰ ਵੀ ਕਦ ਤੱਕ ਜਗੇਂਗਾ ਕੀ ਪਤਾ ?

ਇੰਤਜ਼ਾਰ ਕਰਦੇ ਦੀ ਲਗਦਾ ਉਮਰ ਜਾਣੀ ਬੀਤ ਹੈ,
ਦਿਲ ਦੇ ਮਾਰੂਥਲ ਵਿਚ ਮੇਘਲਾ ਕਦ ਵਰ੍ਹੇਗਾ ਕੀ ਪਤਾ ?



# ਪ੍ਰਦੇਸੀ

ਅੱਜ ਫੇਰ ਉਦਾਸੀਆਂ ਦਾ ਪੱਲਾ ਅੰਬਰਾਂ ਤੱਕ ਲਹਿਰਾਇਆ ਹੈ।
ਸਾਨੂੰ ਪ੍ਰਦੇਸੀਆ ਨੂੰ ਆਪਣਾਂ ਘਰ ਵਤਨ ਯਾਦ ਆਇਆ ਹੈ।

ਯਾਦ ਆਇਆ ਹੈ ਓਹੀ ਵਿਹੜਾ ਜਿੱਥੇ ਬਚਪਨ ਮੇਰਾ ਬੀਤਿਆ ਸੀ,
ਜਿਸ ਦੇ ਵਿੱਚ ਸਨ ਧਰੇਕ ਦੇ ਬੂਟੇ ਨਾਲੇ ਕੁਝ ਪਪੀਤੀਆਂ ਸੀ॥
ਉਸੇ ਹੀ ਅੱਜ ਕੱਚੇ ਘਰ ਦਾ ਫੇਰ ਸੰਦੇਸ਼ਾ ਆਇਆ ਹੈ

ਮੈਂ ਹਾਂ ਅੱਥਰੂ ਮਾਂ ਦੀ ਅੱਖ ਦਾ ਜੋ ਕਿਧਰੇ ਗੁੰਮ ਹੋਇਆ ਹਾਂ,
ਯਾਦ ਕਰਕੇ ਚਾਅ ਪਿਤਾ ਦੇ ਬੜੀ ਵਾਰ ਹੀ ਰੋਇਆ ਹਾਂ॥
ਛੇਤੀ ਹੀ ਮੈਂ ਮੁੜ ਆਵਾਂਗਾ ਲਾਰਾ ਬੜ੍ਹਾ ਮੈਂ ਲਾਇਆ ਹੈ

ਇੱਕੋ ਇੱਕ ਮੇਰਾ ਵੱਡਾ ਭਾਈ, ਜਿਸ ਦੀ ਬਾਂਹ ਮੈਂ ਬਣਨਾ ਸੀ,
ਇੱਕੋ ਸੀ ਮੇਰੀ ਭੈਣ ਪਿਆਰੀ, ਜਿਸ ਨੇ ਡੋਲੀ ਚੜ੍ਹਨਾਂ ਸੀ॥
ਐਸਾ ਵਿਛੜਿਆ ਪਤਾ ਨਾ ਚੱਲਿਆ ਕਿੰਨੀ ਦੂਰ ਵੱਧ ਆਇਆ ਹਾਂ

ਵਗਦੀ ਸੀ ਇੱਕ ਪੌਣ ਧੁਰੇ ਦੀ, ਚਮਕਦਾ ਸੀ ਇੱਕ ਚਿਹਰਾ ਓ,
ਪਿਆਰ ਜਿਹੜਾ ਸੀ ਸੌਲਾਂ ਵਰ੍ਹਿਆਂ, ਕਹਿੰਦੀ ਸੀ ਮੈਨੂੰ ਮੇਰਾ ਓ॥
ਇੱਕ ਦਿਨ ਉਸ ਦੀ ਡੋਲੀ ਉੱਠਗੀ, ਫੇਰ ਪਤਾ ਨਾ ਆਇਆ ਹੈ-

ਮੁਲਕ ਬੇਗ਼ਾਨੇ ਗੈਰ ਹੋਏ ਹਾਂ, ਘਰ ਆਪਣੇ ਪਹਿਚਾਣ ਨਹੀਂ,
ਪਿੱਛੇ ਮੁੜ ਕੇ ਕਿੱਦਾਂ ਦੱਸਾਂ, ਮੈਂ ਕੋਈ ਮਹਿਮਾਨ ਨਹੀਂ।
ਤਰੱਕੀਆਂ ਦੇ ਲਈ ਮੈਂ 'ਹਰਚੰਦ' ਕਿੰਨਾਂ ਮੁੱਲ ਚੁਕਾਇਆ ਹੈ

**-ਜਤਿੰਦਰ ਹਰਚੰਦ**
ਸਮੁੰਦਰ ਅਪਾਰਟਮੈਂਟ
ਨੇੜੇ ਕੋਟਕ ਮਹਿੰਦਰਾ ਬੈਂਕ, ਚਾਲਾ ਰੋਡ
ਵਾਪੀ-ਗੁਜਰਾਤ 396191
ਮੋਬਾ : 91-89805-18200



**ਜੰਟੀ ਬੇਤਾਬ**
**ਬੀਂਬੜ**

# ਟੱਪੇ

- ਸਾਡੇ ਯਾਰ ਦਾ ਮੁਬਾਇਲ ਬੰਦ ਆਵੇ,
  ਸੁੱਖ ਹੋਵੇ ਮੇਰੇ ਮਾਲਕਾ॥
- ਕੋਲ ਮੰਜੇ 'ਤੇ ਬੀਮਾਰ ਮਾਂ ਤੜਫੇ,
  ਪੁੱਤ ਬੈਠਾ ਨੈੱਟ ਖੋਲ ਕੇ।
- ਬਾਪ ਪੈਲੇਸ 'ਚੋਂ ਧੀ ਦੀ ਡੋਲੀ ਤੋਰੇ,
  ਦੋ ਕਿੱਲੇ ਗਹਿਣੇ ਧਰਕੇ।
- ਪਿੱਛੋਂ ਜੀ ਨਾ ਵਿਦੇਸ਼ਾਂ ਵਿੱਚ ਲੱਗਦਾ,
  ਪਹਿਲਾਂ ਔਖੇ ਵੀਜੇ ਲੱਗਦੇ।
- ਧੀਆਂ ਵਰਗਾ ਸਾਕ ਨਾ ਕੋਈ,
  ਕੁੱਖ 'ਚ ਨਾ ਮਾਰੀਂ ਅੰਮੀਏ।
- ਬਾਪੂ ਕਰਜ਼ੇ ਦੇ ਫਿਕਰਾਂ ਨੇ ਖਾ ਲਏ,
  ਪੁੱਤਾਂ ਨੂੰ ਬੁਲਟ ਖਾ ਗਏ।
- ਬੈਠੇ ਬੇਰੁਜ਼ਗਾਰ ਲਾਉਣ ਨਾਹਰੇ,
  ਪੜ੍ਹੋ-ਵਧੋ-ਟੈਂਕੀ 'ਤੇ ਚੜ੍ਹੋ।
- ਬੇਬੇ ਨੂੰਹਾਂ ਦੀਆਂ ਚੁਗਲੀਆਂ ਕਰਦੀ,
  ਬਾਬਿਆਂ ਦੇ ਡੇਰੇ ਪਹੁੰਚ ਗਈ।
- ਹੋ ਕੇ ਸਾਵਧਾਨ ਲੰਘੀ ਤੂੰ ਜਵਾਨਾਂ,
  ਅੱਗੇ ਠੇਕਾ ਦੇਸੀ ਦਾਰੂ ਦਾ।
- ਜਿਹੜੀ ਵੋਟਾ 'ਚ ਹੀ ਪਿੰਡ ਗੇੜਾ ਮਾਰੇ,
  ਕੀ ਝੰਡੀ ਵਾਲੀ ਕਾਰ ਫੂਕਣੀਂ।
- ਲੈ ਗਈ ਸਿਰਾਂ ਉੱਤੋਂ ਚੁੰਨੀਆਂ ਉਡਾ ਕੇ,
  ਫ਼ੈਸ਼ਨਾਂ ਦੀ ਹਵਾ ਚੰਦਰੀ।
- ਭੁੱਬਾਂ ਮਾਰ ਕੇ ਮਧਾਣੀ ਰੋਈ,
  'ਚਾਟੀ' ਦੇ ਗਲ ਲੱਗ ਕੇ।
- ਜਦੋਂ ਨਕਸ਼ਾ ਸੜਕ ਦਾ ਬਣਿਆ,
  ਟਾਹਲੀਆਂ-ਸਫ਼ੈਦੇ ਰੋ ਪਏ।
- ਕਿਵੇਂ ਚਾਹ ਦੀ ਸੁਲਾ ਮੈਂ ਤੈਨੂੰ ਮਾਰਾਂ,
  ਚਾਲੀਆਂ ਨੂੰ ਖੰਡ ਹੋ ਗਈ।



# ਧੀਆਂ

ਧੀਆਂ ਰੱਬ ਦੀਆਂ ਦਾਤਾਂ।
ਧੀਆਂ ਕੀਮਤੀ ਸੁਗਾਤਾਂ।
ਜਦੋਂ ਹੋਣ ਮੁਟਿਆਰਾਂ ਇਹ ਨੇ ਆਟੇ ਦੀਆਂ ਪਰਾਤਾਂ।
ਜੋ ਘਰ 'ਚ ਵੀ ਕਾਂਵਾਂ ਦੀਆਂ ਹੁੰਦੀਆਂ ਸ਼ਿਕਾਰ।
ਲੋਕੀ ਏਸੇ ਡਰੋਂ ਦਿੰਦੇ, ਧੀਆਂ ਕੁੱਖਾਂ ਵਿੱਚ ਮਾਰ।

ਮਾਪੇ ਧੀਆਂ ਨੂੰ ਪੜ੍ਹਾਉਣ ਪੰਡ ਕਰਜ਼ੇ ਦੀ ਚੱਕ।
ਪਿੱਛੋਂ ਭਰ-ਭਰ ਦੇਣੇ ਪੈਂਦੇ ਦਾਜ ਦੇ ਟਰੱਕ।
ਨਿੱਤ ਧੀਆਂ ਦੇ ਦੁੱਖਾਂ ਨਾਲ ਭਰੇ ਆਉਣ ਅਖ਼ਬਾਰ।
ਲੋਕੀਂ ਏਸੇ ਡਰੋਂ ਦਿੰਦੇ.........।

ਧੀ ਦੀ ਗ਼ਲਤੀ ਪਿਉ ਦੀ ਸਰਦਾਰੀ ਦਿੰਦੀ ਰੋਲ।
ਵੀਰੇ ਹਿੱਕ ਤਾਣ ਕਿਸੇ ਅੱਗੇ ਸਕਦੇ ਨਾ ਬੋਲ।
ਮਾਂ ਔਖੋਂ ਹੋ ਜੇ ਅੰਨ੍ਹੀਂ ਜੀਣਾ ਹੋ ਜੇ ਦੁਸ਼ਵਾਰ।
ਲੋਕੀਂ ਏਸੇ ਡਰੋਂ...............।

ਧੀ ਦੀ ਪੈਰ-ਪੈਰ ਉੱਤੇ ਹੁੰਦੀ ਮੱਕੀ ਵਾਲੀ ਰਾਖੀ।
ਧੀ ਦੀ ਜਬਰ-ਜਨਾਹਾਂ ਨਾਲ ਜ਼ਿੰਦਗੀ ਸਰਾਪੀ।
ਪੈਂਦਾ ਮੂੰਹਾਂ 'ਤੇ ਤੇਜ਼ਾਬ, ਕੋਈ ਸੁਣੇ ਨਾ ਪੁਕਾਰ।
ਲੋਕੀਂ ਏਸੇ ਡਰੋਂ.................।

ਆਓ ਕੱਠੇ ਹੋ ਕੇ ਜ਼ੁਲਮੀ ਹਨੇਰੀਆਂ ਨੂੰ ਠੱਲੋ।
ਬਾਕੀ ਕੁੜੀਓ ਤੁਸੀਂ ਵੀ ਵੱਸੋ ਬਾਹਰੀਆਂ ਨਾ ਚੱਲੋ।
ਆਖੇ 'ਬੀਂਬੜ ਬੇਤਾਬ' ਧੀਆਂ ਹੁੰਦੀਆਂ ਨਾ ਭਾਰ।
ਲੋਕੋ ਕਿਹੜੀ ਗੱਲੋਂ ਦਿੰਦੇ ਧੀਆਂ ਕੁੱਖਾਂ ਵਿੱਚ ਮਾਰ।

# ਪ੍ਰਦੇਸੀਆਂ ਨੂੰ ਯਾਦ....

ਆਈਆਂ ਅੱਜ ਛਿੱਕਾਂ ਯਾਰੋ, ਪਲ-ਪਲ ਬਾਦ।
ਖੌਰੇ ਕੀਹਨੇ ਕੀਤੈ, ਪ੍ਰਦੇਸੀਆਂ ਨੂੰ ਯਾਦ।

ਬੋਹੜਾਂ ਥੱਲੇ ਜੁੜੀਆ ਨੇ ਮਿੱਤਰਾਂ ਦੀਆਂ ਢਾਣੀਆਂ।
ਉਹੀ ਹੱਸੇ ਹੋਣੇ ਗੱਲਾਂ ਚੇਤੇ ਕਰਕੇ ਪੁਰਾਣੀਆਂ।
ਜਾ 'ਵੱਡਾ ਬਾਈ' ਖੇਤਾਂ ਵਿੱਚ ਪਾਉਂਦਾ ਹੋਣਾਂ ਖਾਦ।
ਖੌਰੇ ਕੀਹਨੇ ਕੀਤੈ..........।

ਭਾਬੀ ਜੀ ਨੇ ਕੱਢੀਆਂ ਨੇ ਪੇਟੀ ਵਿੱਚੋਂ ਕੋਟੀਆਂ।
ਜਾ ਮਾਂ ਨੇ ਪਕਾਈਆਂ ਅੱਜ ਮੱਕੀ ਦੀਆਂ ਰੋਟੀਆਂ।
ਧਰੀ ਬੈਠੀ ਹੋਣੀ ਉਹ ਗੰਦਲਾਂ ਦਾ ਸਾਗ
ਖੌਰੇ ਕੀਹਨੇ ਕੀਤੈ..........।

ਜਾ ਮੁੜੀ ਹੋਣੀਂ ਭੈਣ ਪਾ ਕੇ ਡਾਕ ਵਿੱਚ ਰੱਖੜੀ।
ਜਾ ਰੋਇਆ ਬਾਪੂ ਥਮਲੇ ਨੂੰ ਪਾ ਕੇ ਗਲਵੱਕੜੀ
ਘਰ ਉੱਤੋਂ ਹੋਣਾ ਜਦੋਂ ਲੰਘਿਆ ਜਹਾਜ਼।
ਖੌਰੇ ਕੀਹਨੇ ਕੀਤੈ..........।

ਪਿੱਪਲੀ ਦੇ ਉੱਤੇ ਉਹਨੇ ਪੀਂਘ ਪਾਈ ਹੋਣੀ ਐ।
ਜਾ ਕਮਲੀ 'ਜੀ ਕੁੜੀ ਉਹੀ ਪਿੰਡ ਆਈ ਹੋਣੀ ਐ।'
'ਸ਼ਾਇਰ' ਬਣਾਇਆ ਜੀਹਨੇ 'ਬੀਂਬੜ ਬੇਤਾਬ'
ਖੌਰੇ ਕੀਹਨੇ ਕੀਤੈ..........।



# ਪੰਜਾਬ

ਨੀ ਆਹ ਕਿੱਥੇ ਮੈਂ ਆ ਗਈ ਕੁੜੀਓ,
ਕੋਈ ਚੀਜ਼ ਦਿਸੇ ਨਾ ਭਾਲੀ।
ਬਲਦਾਂ ਦੇ ਗਲੋਂ ਟੱਲੀਆਂ ਗੁੰਮੀਆਂ,
ਨਾਲੇ ਹਲ ਪੰਜਾਲੀ।
ਕਿੱਧਰ ਗਈ ਮਧਾਣੀ-ਚਾਟੀ,
ਕਿੱਥੇ ਗਈ ਭੱਠੀ ਵਾਲੀ
ਟਿੱਬੇ, ਜੰਡ, ਕਰੀਰ ਨਾ ਲੱਭਦੇ,
ਨਾ ਵੱਗ ਚਰਾਉਂਦੇ ਪਾਲੀ
ਰੱਥ, ਬੱਘੀ ਅਤੇ ਘੋੜੇ ਦੀ ਰਕਾਬ ਕਿੱਥੇ ਐ।
ਨੀ ਮੇਰਾ ਪਹਿਲਾ ਵਾਲਾ ਕੁੜੀਓ ਪੰਜਾਬ ਕਿੱਥੇ ਐ।

ਨੀ ਦਿਸਦੇ ਨਾ ਕਿਤੇ ਪਾਂਡੂ ਫੇਰੇ,
ਪਾਥੀਆਂ ਵਾਲੇ ਚੁੱਲ੍ਹੇ।
ਕਿਧਰ ਗਏ ਉਹ ਮਿੱਟੀਆਂ ਲਿੱਪੇ
ਵਿਹੜੇ ਖੁੱਲ੍ਹਮ ਖੁੱਲ੍ਹੇ।
ਕਿੱਥੇ ਗੁੰਮ ਹੋਏ ਤੌਂਲੇ, ਤਪਲੇ
ਚੱਪਣ, ਚੂੰਗੜ, ਠੁੱਲੇ।
ਸਤਲੁਜ, ਬਿਆਸ ਹੀ ਨਜ਼ਰੀਂ ਪੈਂਦਾ
ਕਿਥੇ ਜੇਹਲਮ ਭਰ-ਭਰ ਡੁੱਲੇ।
ਨੀ ਮੈਨੂੰ ਦੱਸੋ ਮੇਰਾ ਰਾਵੀ ਤੇ ਚਨਾਬ ਕਿੱਥੇ ਐ
ਨੀ ਮੇਰਾ ਪਹਿਲਾਂ ਵਾਲਾ.........।
ਆਹ ਸੱਥਾਂ ਸੁੰਨਮ-ਸੁੰਨੀਆਂ ਪਈਆਂ।
ਕਿਧਰ ਤੁਰ ਗਏ ਬਾਬੇ।
ਭਾਲਿਆਂ ਵੀ ਹੁਣ ਮਸਾਂ ਹੀ ਲੱਭਦੇ।
ਛਿੱਕੂ, ਵੋਹਟੀਆਂ ਛਾਬੇ।

ਮੋਟਰਾਂ ਗੱਡੀਆਂ ਸ਼ੋਰ ਮਚਾਇਆ
ਥਾਂ-ਥਾਂ ਖੁੱਲਗੇ ਢਾਬੇ।
ਹੁਣ ਮਾਂ ਹੀ ਕੁੱਖ ਦੀ ਵੈਰੀ ਹੋਈ
ਕਿੱਥੋਂ ਜੰਮਣ ਸਰਾਭੇ।
ਆਹ ਮੁੰਡੇ ਕੁੜੀਆਂ ਦੇ ਮੁੱਖ ਵਾਲੀ ਤਾਬ ਕਿੱਥੇ ਐ
ਨੀ ਮੇਰਾ ਪਹਿਲਾਂ ਵਾਲਾ.......।
ਨੀ ਕਿਧਰ ਤੁਰ ਗਈਆ ਤੀਆਂ ਤ੍ਰਿੰਝਣਾਂ,
ਗੁੰਮ ਗਏ ਪਿੱਪਲ ਬਰੋਟੇ।
ਹੱਥ ਨਲਕੇ ਨੂੰ ਮੋਟਰ ਖਾ ਗਈ
ਗੁੰਮ ਗਏ ਕੂੰਡੀਆਂ ਸੋਟੇ।

ਕੋਈ ਨਾ ਖੇਡੇ 'ਬਾਂਦਰ ਕੀਲਾ'
ਦਾਈਆਂ, ਕਲੀਆਂ ਜੋਟੇ।
ਕੁੜਤੇ ਚਾਦਰੇ ਘੱਗਰੇ ਗੁੰਮ ਗਏ,
ਚੁੰਨੀਆਂ ਉਤੋਂ ਗੋਟੇ
ਹੁਣ ਵਿਆਹਾਂ ਵਿੱਚ ਜਾਗੋ ਦਾ ਰਿਵਾਜ ਕਿੱਥੇ
ਨੀ ਮੇਰਾ ਪਹਿਲਾਂ ਵਾਲਾ..............।
ਕਿਧਰ ਤੁਰ ਗਈਆਂ ਪੱਗਾਂ-ਚੁੰਨੀਆਂ
ਫੁੱਲਾਂ ਵਾਲਾ ਝੋਲਾ।
ਸੂਈਆਂ ਅਤੇ ਸਲਾਈਆਂ ਗੁੰਮੀਆਂ
ਤੇ ਪੱਛਮ ਦਾ ਗੋਲਾ।
ਦਿਸਦੇ ਨਾ ਕਿਤੇ ਚਰਖੇ ਖੱਡੀਆਂ
ਪੂਣੀਆਂ ਭਰਿਆ ਗੋਹਲਾ
ਪਿੰਡ 'ਬੀਂਬੜ' 'ਚ ਵਸਦਾ 'ਬੇਤਾਬ' ਕਿੱਥੇ ਐ ?
ਨੀ ਮੇਰਾ ਪਹਿਲਾਂ ਵਾਲਾ.........।

# ਗ਼ਜ਼ਲ

ਜਿੱਦੋਂ ਦਾ ਕੋਈ ਸੱਟਾਂ, ਸਾਡੇ ਦਿਲ ਉੱਤੇ ਲਾ ਗਿਆ।
ਜ਼ਿੰਦਗੀ ਜਿਉਣ ਦਾ, ਸਵਾਦ ਜਿਹਾ ਆ ਗਿਆ।

ਰਹਿੰਨੇ ਆਂ ਬੁਝਾਉਂਦੇ ਅਸੀਂ ਹੰਝੂ ਡੋਲ-ਡੋਲ ਕੇ,
ਐਸੇ ਕੋਈ ਦਰਦਾਂ ਦੇ ਭਾਂਬੜ ਮਚਾ ਗਿਆ।

ਗਮਾਂ ਦੇ ਕਬੂਤਰ ਨੇ ਹੁਣ ਜਿੱਥੇ ਬੋਲਦੇ,
ਦਿਲ ਵਾਲਾ ਮਹਿਲ ਕੋਈ ਖੰਡਰ ਬਣਾ ਗਿਆ।

ਅਸੀਂ ਜੀਹਨੂੰ ਪੂਜਿਆ ਸੀ ਰੱਬ-ਰੱਬ ਆਖ ਕੇ,
ਚੁੱਕ-ਚੁੱਕ ਵੱਟੇ ਉਹੀ ਬੇੜੀ ਵਿੱਚ ਪਾ ਗਿਆ।

ਦੇਖੋ ਸਾਨੂੰ ਕਿੱਡੀ ਵੱਡੀ ਸਜਾ ਮਿਲੀ ਪਿਆਰ ਦੀ,
ਸੋਚਾਂ ਵਾਲੀ ਸੂਲੀ ਤੇ ਕੋਈ ਪੁੱਠੇ ਲਟਕਾ ਗਿਆ।

ਖੌਰੇ ਸਾਡੀ ਨੀਂਦ ਤੋਰੀ ਕਿਹੜੇ ਪ੍ਰਦੇਸ ਨੂੰ,
ਕੋਈ ਸਾਡੇ ਕੋਲੋਂ ਕੱਲਾ-ਕੱਲਾ ਤਾਰਾ ਗਿਣਵਾ ਗਿਆ।

ਲੈ ਲਓ ਜੀਹਨੇ ਪੀੜਾਂ ਸਾਥੋਂ ਲੈਣੀਆਂ ਉਧਾਰੀਆਂ,
ਦੁੱਖਾਂ ਦੀ ਦੁਕਾਨ ਕੋਈ ਸਾਡੇ ਨਾਂ ਲਵਾ ਗਿਆ।

ਬੀਤੇ ਵੇਲੇ ਚੇਤੇ ਕਰ ਅੱਖ ਭਰ ਆਉਂਦੀ ਐ,
ਆਪਣਾ ਹੀ 'ਜੰਟੀ' ਨੂੰ ਕੋਈ ਏਨਾ ਤੜਫਾ ਗਿਆ।

**—ਜੰਟੀ ਬੇਤਾਬ ਬੀਂਬੜ**
ਪਿੰਡ ਬੀਂਬੜ, ਡਾਕ. ਮਾਝੀ, ਤਹਿ: ਭਵਾਨੀਗੜ੍ਹ (ਸੰਗਰੂਰ)
ਮੋਬਾ : 99147-34797, 97811-46879





**ਜਸਪਾਲ ਸਿੰਘ**

# ਤੇਰੀ ਤੜਫ

ਤੇਰੀ ਤੜਫ਼ ਦਾ ਦੀਵਾ ਬਾਲ ਲਿਆ
ਹੁਣ ਕਿਸੇ ਘੜੀ ਵੀ ਬੁਝਦਾ ਨਹੀਂ

ਆਹਾ ਦੇ ਬੁੱਲੇ ਆਉਂਦੇ ਨੇ
ਇਹ ਲਟ ਲਟ ਮੱਚੇ ਬੁਝਦਾ ਨਹੀਂ

ਨਿੱਤ ਬੈਠ ਬਨੇਰੇ ਯਾਦਾਂ ਦੇ
ਕਾਂ ਆਸਾ ਦਾ ਉੱਠ ਜਾਂਦਾ ਏ
ਫਿਰ ਬਿਹਬਲ ਹੋਈ ਮੈਂ ਕਮਲੀ
ਕੀ ਪਾਜ ਕਰਾਂ ਕੁੱਝ ਸੁਝਦਾ ਨਹੀਂ

ਤੇਰ੍ਹਾ ਪਿਆਰ ਹੀ ਹੈ ਸ਼ਿੰਗਾਰ ਮੇਰਾ
ਹੱਥ ਪਰੀਤ ਦੇ ਕੰਗਣ ਪਾਏ ਨੇ
ਤੇਹ ਦੀਦ ਦੀ ਲੱਗੀ ਦੀਦਿਆਂ ਨੂੰ
ਮਨ ਬਿੜਕਾਂ ਲੈਂਦਾ ਖੁੰਝਦਾ ਨਹੀਂ

ਜੋ ਪਿਆਰ ਮਾਣਿਆ ਸੱਜਣਾ ਵੇ
ਤੇਰੇ ਦਿਲ ਦੀ ਸੇਜੇ ਵਸਲਾਂ ਦਾ
ਮੈਨੂੰ ਖੇੜੇ ਖਾਣ ਨੂੰ ਆਉਂਦੇ ਨੇ
ਮਨ ਬਿਨ ਤੇਰੇ ਕਿਤੇ ਰੁਝਦਾ ਨਹੀਂ

ਹੁਣ ਆਸ, ਕਿਆਸ, ਅਰਦਾਸ ਹੈ ਇਹ
ਕਿਤੇ ਸਾਸ ਗਿਰਾਸ ਵੀ ਵਿਸਰੀ ਨਾ
ਸਾਡੇ ਦਿਲ ਦੀਆਂ ਰਮਜਾ ਬਿਨ ਤੇਰੇ
ਕੋਈ ਹੋਰ 'ਦੇਸੂਵੀ' ਬੁਝਦਾ ਨਹੀਂ

# ਕੈਸੀ ਰੁੱਤ

ਮਾਏ ਨੀ ਸੁਣ ਮੇਰੀਏ ਮਾਏ, ਧੀ ਤੇਰੀ ਨੂੰ ਸਮਝ ਨਾ ਆਏ
ਦਿਲ ਮੇਰਾ ਕਿਉਂ ਡੁਬਦਾ ਜਾਏ
ਦੀਦੇ ਪਾਉਣ ਦੁਹਾਈ ਨੀ ਮਾਂ....
ਇਹ ਕੈਸੀ ਰੁੱਤ ਆਈ ਨੀ ਮਾਂ
ਇਹ ਕੈਸੀ ਰੁੱਤ ਆਈ....

ਸੂਰਜ ਤਪਿਆ ਰੁੱਤ ਸਿਆਲੀ
ਪੁੱਛਦੀ ਫਿਰਾਂ ਮੈਂ ਹੋਈ ਬੇਹਾਲੀ
ਝੁਲਸ ਗਈ ਹਰ ਕੁੰਬਲ ਡਾਲੀ
ਲੱਭਦੀ ਫਿਰਸਾਂ ਛਾਈ ਨੀ ਮਾਂ.......

ਛੁਪਿਆ ਦਿਨ ਜਦ ਹੋਇਆ ਹਨੇਰਾ
ਭੁੱਖੇ ਚੌਣੇ ਮੋੜਿਆ ਫੇਰਾ
ਪੰਛੀਆਂ ਲੱਭਿਆ ਚੋਗ ਬਥੇਰਾ
ਪਰ ਨਾ ਚੋਗ ਥਿਆਈ ਨੀ ਮਾਂ.....

ਬਿਹਬਲ ਹੋਈ ਬੁੜਬੁੜ ਬੋਲਾਂ
ਐਪਰ ਦਿਲ ਦੀ ਗੱਲ ਨਾ ਖੋਲਾਂ
ਭਾਰ ਦਿਲ ਦਾ ਕੀਕੁਰ ਤੋਲਾਂ
ਸਮਝ ਨਾ ਆਵੇ ਕਾਈ ਨੀ ਮਾਂ....

ਦਿਲ ਦੀ ਤ੍ਰਿੰਝਣ ਸੁੰਨੀ ਹੋਈ
ਸਖੀ ਸਹੇਲੀ ਦਿਸੇ ਨਾ ਕੋਈ
ਚਰਖਿਆਂ ਦੀ ਘੂੰ-ਘੂੰ ਬੰਦ ਹੋਈ
ਆਹ ਕੀਹਨੇ ਤੰਦ ਪਾਈ ਨੀ ਮਾਂ.....

ਚੌਥਾ ਪਹਿਰ ਰਾਤ ਦਾ ਆਇਆ
ਇੱਕ ਇੱਕ ਪਲ ਮੈ ਬੈਠ ਬਿਤਾਇਆ
ਹੁਣ ਜਦ ਦਿਲ ਦਾ ਮਹਿਰਮ ਆਇਆ
ਲੈ ਬੈਠਾਂ ਕਿਸ ਥਾਂਈ ਨੀ ਮਾਂ....



ਸੇਜ ਮੇਰੀ ਹੁਣ ਹੋਈ ਸੁਖਾਲੀ
ਬਾਗਾਂ ਨੂੰ ਹੁਣ ਮਿਲਿਆ ਮਾਲੀ
ਦਿਲ ਨੂੰ ਮਿਲਿਆ ਦਿਲ ਦਾ ਬਾਲੀ
ਜਦ ਡਿੱਠਾ ਤ੍ਰਿਪਤ ਅਘਾਈ ਨੀ ਮਾਂ...

ਜਦੋਂ "ਦੇਸੂਵੀ" ਸੀਨੇ ਲਾਇਆ
ਅੰਗ-ਅੰਗ ਮੇਰਾ ਨਸਿਆਇਆ
ਫੜ੍ਹ ਮਾਹੀ ਜਦੋਂ ਮੋਢੇ ਘੁੱਟੇ
ਸੁੱਧ ਰਹੀ ਨਾ ਕਾਈ ਨੀ ਮਾਂ....
ਇਹ ਕੈਸੀ ਰੁੱਤ ਆਈ ਨੀ ਮਾਂ
ਇਹ ਕੈਸੀ ਰੁੱਤ ਆਈ....।

# ਸੂਰਜ

ਬਾਲਪੁਣੇ ਵਿਚ ਮਾਂ ਤੋਂ ਪੁੱਛਿਆ ਇਹ ਕੀ ਮਾਏ ਕਰਦਾ ਸੂਰਜ,
ਖੱਬੀ ਤੋਂ ਸੱਜੀ ਵੱਲ ਜਾਵੇ ਫਿਰ ਖੱਬੀ ਕੁਛੜ ਚੜ੍ਹਦਾ ਸੂਰਜ,
ਸ਼ੇਰ ਦੀਆਂ ਅੱਖਾਂ ਵਿਚ ਝਾਕੇ ਉੱਲੂਆਂ ਤੋਂ ਕਿਉਂ ਡਰਦਾ ਸੂਰਜ,
ਕਿਉਂ ਨਿਤ ਗਗਨ ਦੇ ਬੈਠ ਬਨੇਰੇ ਬਿਟ ਬਿਟ ਤੱਕੇ ਸੜਦਾ ਸੂਰਜ,
ਅੰਬਰਸਰ ਬੱਦਲੀ ਤੇ ਚੜ੍ਹਕੇ ਨਿਤ ਫਿਰੇ ਕਿਉਂ ਤਰਦਾ ਸੂਰਜ,
ਨਿਤ ਸਵੇਰੇ ਖਿੜ ਖਿੜ ਹੱਸੇ ਕਿਉਂ ਸ਼ਾਮੀਂ ਸ਼ਰਮਾ ਕਰਦਾ ਸੂਰਜ,
ਭਲਾਂ ਦਸ ਖਾਂ ਕੀਹਤੋਂ ਡਰਦਾ ਸੂਰਜ...... ?
ਮਿੱਠਾ ਜਿਹਾ ਹਾਸਾ ਹੱਸ ਬੋਲੀ, ਨਿੱਤ ਨਵਾਂ "ਦੇਸੂਵੀ" ਚੜ੍ਹਦਾ ਸੂਰਜ,
ਹਨੇਰੇ ਦੀ ਕਾਲਖ ਨੂੰ ਕੱਜੇ, ਪਾ ਚਾਨਣ ਦਾ ਪਰਦਾ ਸੂਰਜ;
ਬਿਨਾਂ ਵਿਤਕਰੇ ਦੀਵਾ ਬਣ ਕੇ ਸਭ ਦੇ ਸਿਰ ਤੇ ਖੜ੍ਹਦਾ ਸੂਰਜ;
ਸਭ ਦੀ ਠੰਡ ਨਿੱਤ ਝੋਲੀ ਪਾ ਕੇ ਆਪ ਕਦੇ ਨਾ ਠਰਦਾ ਸੂਰਜ;
ਸ੍ਰਿਸ਼ਟੀ ਨੂੰ ਨਵਜੀਵਨ ਦੇ ਕੇ ਨਿੱਤ ਸ਼ਾਮਾਂ ਨੂੰ ਮਰਦਾ ਸੂਰਜ;
ਕਿਰਨਾਂ ਦੇ ਤੀਰਾਂ ਨਾਲ ਨਿਤ ਦਿਨ ਅੰਧਕਾਰ ਨਾਲ ਲੜਦਾ ਸੂਰਜ,
ਖੁਦਾ ਖੁਦਾਈ ਨਿਤ ਦਿਨ ਵੇਖੇ ਝੁਕ ਝੁਕ ਸਿਜਦੇ ਕਰਦਾ ਸੂਰਜ,
ਨਿੱਤ ਪ੍ਰਿਥਵੀ ਵਲ ਤੱਕ ਤੱਕ ਹੱਸੇ ਜਿਉਂ ਪਰਕਰਮਾ ਕਰਦਾ ਸੂਰਜ
ਹਰ ਪੱਤੇ ਹਰ ਜਰੇ ਜਰੇ ਦੇ ਮੁੱਖ ਤੇ ਚੁੰਮਣ ਕਰਦਾ ਸੂਰਜ,
ਉੱਲੂ ਚੋਰ ਤੇ ਇਸ਼ਕ ਮਜ਼ਾਜੀਂ ਨੂੰਹਾਂ ਬਣ ਕੇ ਲੜ੍ਹਦਾ ਸੂਰਜ,
ਝੁਕ ਝੁਕ ਕਲਮਾਂ ਪੜ੍ਹਦਾ ਸੂਰਜ, ਨਿੱਤ ਪਾਕ ਦੀਦਾਰੇ ਕਰਦਾ ਸੂਰਜ,
ਨਿੱਤ ਆਸਾਂ ਲੈ ਚੜ੍ਹਦਾ ਸੂਰਜ, ਨਾ ਜੰਮਦਾ ਨਾ ਮਰਦਾ ਸੂਰਜ,
ਨਿੱਤ ਨਵਾਂ 'ਦੇਸੂਵੀ' ਚੜ੍ਹਦਾ ਸੂਰਜ....



# ਨਵੀਂ ਰੀਤ

ਸ਼ਹਿਰ ਤੇਰੇ ਵਿੱਚ ਨਵੀਆਂ ਰੀਤਾਂ ਚੱਲੀਆਂ ਨੇ।
ਜਦੋਂ ਢਲਣ ਪਰਛਾਂਵੇਂ ਰੋਂਦੀਆਂ ਗਲੀਆਂ ਨੇ।

ਹੀਰਾਂ ਅੰਦਰ ਝੀਥਾਂ ਥਾਣੀ ਝਾਕਦੀਆਂ,
ਹਰ ਥਾਂ ਕੈਦੋਂ ਫਿਰਦੇ ਗਲੀਆਂ ਮੱਲੀਆਂ ਨੇ।

ਦੂਰ ਗਈ ਆਂਦਰ ਨੂੰ ਮਮਤਾ ਵਿਲਕ ਰਹੀ,
ਰੱਖੜੀਆਂ ਰੀਝਾਂ ਲਾ-ਲਾ ਹੋਈਆਂ ਝੱਲੀਆਂ ਨੇ।

ਬਾਗ਼ ਬਗੀਚੇ ਫੁੱਲਾਂ ਬਾਝੋਂ ਸੁੰਨੇ ਨੇ,
ਆਪਣੇ ਹੱਥੀਂ ਮਾਲੀ ਤੋੜੀਆਂ ਕਲੀਆਂ ਨੇ।

ਭੁੱਖਣ-ਭਾਣੇ ਰਾਂਝੇ ਬੇਲੇ ਫਿਰਦੇ ਨੇ।
ਹੀਰ ਕਿਸੇ ਨਾ ਕੁੱਟ ਚੂਰੀਆਂ ਘੱਲੀਆਂ ਨੇ।

ਬਾਪੂ ਦੇ ਪਿੰਡੇ ਦੀਆਂ ਝੁਰੜੀਆਂ ਝੂਰਦੀਆਂ,
ਨਸ਼ਿਆਂ ਨੇ ਪਾ ਪੈਰ ਉਮੀਦਾਂ ਦਲੀਆਂ ਨੇ।

ਥਾਂ-ਥਾਂ ਕਤਲੋਗਾਰਤ ਛਿੜ ਗਈ ਮਜ਼ਬ੍ਹਾਂ ਦੀ,
ਰੋਕ 'ਦੇਸੂਵੀ" ਅਣਆਈਆ ਇਹ ਬਲੀਆਂ ਨੇ।

**ਜਸਪਾਲ ਸਿੰਘ**
ਗੁਰ ਸ਼ਬਦ ਨਿਵਾਸ # 43
ਸੈਕਟਰ-3, ਦੇਸੂ ਮਾਜਰਾ, ਖਰੜ, ਜ਼ਿਲ੍ਹਾ ਮੁਹਾਲੀ (ਪੰਜਾਬ)
ਮੋਬਾ: 98885-81426



**ਕੁਲਵਿੰਦਰ ਕੌਰ**
**ਜੋਸਨ**

# ਰੂਹ ਦਾ ਹਾਣੀ

ਇਕ ਸਖੀ ਨੇ ਆਖਿਆ
ਨਹੀਂ ਮਿਲਦੇ ਅੱਜ ਕੱਲ੍ਹ
ਰੂਹ ਦੇ ਹਾਣੀ.......
ਪਰ ਉਹ ਤਾਂ ਅਟੱਲ ਸੀ....
ਆਪਣੀ ਗੱਲ ਤੇ.....
ਲੱਭ ਦਿਖਾਵਾਂਗੀ ਮੈਂ.....
ਇੱਕ ਦਿਨ..ਰੂਹ ਦਾ ਹਾਣੀ
ਤੇ ਫਿਰ ਇਕ ਦਿਨ.....
ਕੋਈ ਮਿਲਿਆ ਉਸ ਨੂੰ
ਲੱਗਿਆ ਜਿਵੇਂ ਉਸਦੀ
ਤਲਾਸ਼ ਪੂਰੀ ਹੋ ਗਈ
ਟਹਿਕਦੇ ਨੈਣਾਂ ਵਾਲਾ....
ਹਸਮੁਖ ਦਿਲਦਾਰ
ਮਿਲਿਆ ਉਸਨੂੰ....
ਦੱਸੀ ਦਿਲ ਦੀ ਗੱਲ....
ਉਸ ਆਖਿਆ ਮੈਂ ਬਣਾਂਗਾਂ
ਤੇਰੀ ਰੂਹ ਦਾ ਹਾਣੀ....
ਤੇ ਉਹ ਗਵਾਚ ਗਈ....
ਉਸ ਦੀ ਭਰਮ ਭੁਲੇਖਿਆਂ ਨਾਲ ਸਿਰਜੀ ਸਿਆਹ
ਦੁਨੀਆਂ ਵਿਚ....
ਤੇ ਅੱਜ ਉਹ ਠੱਗੀ ਜਿਹੀ....
ਦੂਰ ਖੜ੍ਹੀ ਦੇਖ ਰਹੀ ਹੈ....
ਕਿਸੇ ਹਨੇਰੇ ਕੋਨੇ ਵਿਚ ਸਿਸਕਦੀ ਵਲੂੰਧਰੀ ਹੋਈ
ਆਪਣੀ ਰੂਹ ਨੂੰ....ਤੇ ਰੂਹ ਦੇ ਹਾਣੀ....???
ਉਹ ਤਾਂ ਕਿਧਰੇ ਵੀ ਨਹੀਂ ਹੈ...
ਉਹ ਤਾਂ....ਉਹ ਤਾਂ ਜਿਸਮ ਦਾ ਹਾਣੀ ਸੀ ਸਿਰਫ਼
ਜਿਸਮ ਦਾ....



# ਚਿਹਰਾ

ਦਿਲ ਦਾ ਦਰਦ ਲੁਕੋਣ ਖ਼ਾਤਿਰ ਜ਼ੁਬਾਨ ਨੇ
ਤਾਂ ਦਿੱਤਾ ਸਾਥ ਪੂਰਾ ਪਰ ਚਿਹਰਾ ਧੋਖਾ ਦੇ
ਗਿਆ
ਕਰ ਦਿੱਤਾ ਹਾਲ ਬਿਆਨ ਪੂਰਾ ਕਿਉਂਕਿ ਮੇਰੇ ਕੋਲ
ਚਿਹਰਿਆਂ ਦੀ ਪਰਤ ਨਹੀਂ ਹੈ....।
ਚਿਹਰਾ ਅਕਸਰ ਧੋਖਾ ਦਿੰਦਾ ਹੈ....ਕਿਉਂਕਿ ਲੋਕ
ਚਿਹਰੇ ਤੇ ਚਿਹਰਾ ਲਗਾਉਂਦੇ ਨੇ...ਮਨ ਅੰਦਰ
ਲੁਕੀਆਂ ਬਦਨੀਤਾਂ ਨੂੰ ਚਿਹਰਿਆਂ ਦੀਆਂ ਪਰਤਾਂ ਹੇਠ
ਲੁਕੋਂਦੇ ਨੇ....।
ਚਿਹਰਾ ਮਨ ਦਾ ਅਕਸ ਹੁੰਦਾ ਹੈ...ਪਰ...ਹਰ ਅਕਸ
ਅੱਜਕੱਲ੍ਹ ਧੁੰਦਲਾ ਹੈ ਹਰ ਮਨ ਦੇ ਸਰਵਰ ਵਿਚ....
ਕਿਉਂ ਪਾਣੀ ਅੱਜਕੱਲ੍ਹ ਗੰਧਲਾ ਹੈ...।
ਵਖਰੇਵਾਂ ਸਾਰੇ ਚਿਹਰਿਆਂ ਦਾ ਇਹ ਕੁਦਰਤ ਨੇ
ਬਣਾਇਆ ਹੈ...ਪਰ ਚਿਹਰਿਆਂ ਦਾ ਬਨਾਵਟੀਪਨ ਕੁਦਰਤ ਨੇ
ਨਹੀਂ ਸਿਖਾਇਆ ਹੈ....।
ਜਰਾ ਸੰਭਲ ਜਾ ਤੂੰ 'ਜੋਸਨ'
ਇਥੇ ਚਿਹਰੇ ਸਭ ਨੂੰ ਠੱਗਦੇ ਨੇ
ਮਨ ਅੰਦਰੋਂ ਸਭ ਜ਼ਹਿਰੀਲੇ ਨੇ ਦੇਖਣ ਨੂੰ ਭੋਲੇ ਲਗਦੇ ਨੇ....।

# ਰਾਹ

ਤੁਰੇ ਜਾਂਦੀਆਂ ਰਾਹ ਨੇ ਹਾਕ ਮਾਰੀ ਕੋਲ
ਬਹਿ ਮੇਰੀ ਗਲ ਤੂੰ ਸੁਣ ਜਾਵੀਂ ਸਦੀਆਂ ਤੋਂ ਮੈਂ ਦਰਦ
ਹੰਢਾਉਂਦਾ ਹਾਂ ਮੇਰਾ ਦਰਦ ਵੰਡਾ ਕੇ ਤੁਰ ਜਾਵੀਂ
ਮੇਰੇ ਕੰਢਿਆਂ ਤੇ ਬਿਰਖ ਕਤਾਰਾਂ ਸਨ ਸਭ ਨੂੰ ਛਾਵਾਂ ਤੇ
ਸਾਹਵਾਂ ਵੰਡਦੇ ਸਨ ਅੱਜ ਸਾਰੇ ਹੀ ਰੁਖ ਮੁਕ ਗਏ
ਕੁਝ ਕੱਟ ਦਿੱਤੇ ਕੁਝ ਸੁੱਕ ਗਏ
ਜਦ ਰੁੱਖ ਕੋਈ ਸੁੱਕ ਜਾਂਦਾ ਹੈ
ਮਨ ਮੇਰਾ ਬੜਾ ਘਬਰਾਂਦਾ ਹੈ ਪਰਿੰਦਿਆਂ ਆਲ੍ਹਣੇ
ਨਵੇਂ ਥਾਂ ਬਣਾ ਲਏ ਮੈਂ ਛਾਂਵਾਂ ਤੋਂ ਸੱਖਣਾ ਹੋਇਆ ਹਾਂ
ਕੱਚੇ ਤੋਂ ਮੈਨੂੰ ਪੱਕਾ ਕੀਤਾ ਮੂਲ ਮੇਰੇ ਨਾਲ ਧੱਕਾ ਕੀਤਾ
ਪਹਿਲਾਂ ਪੱਤਣੀ ਜਾ ਲਥਦਾ ਸਾਂ ਹੁਣ ਮੈਂ ਪੁਲਾਂ ਤੋਂ
ਲੰਘਾ ਹਾਂ
ਬੇੜੀਆਂ ਮੇਰੇ ਸਹਾਰੇ ਠਿਲਦੀਆਂ ਸਨ ਭਰ ਭਰ ਪੂਰ
ਲੰਘਾਉਂਦੀਆਂ ਸਨ ਮਲਾਹਾਂ ਦੇ ਉਜੜ ਜਾਣ ਦਾ
ਮੇਰੇ ਸਿਰ ਉਲਾਂਭਾ
ਪੱਕਾ ਹੋਇਆ ਏ
ਪਰ ਮੈਂ ਤੇ ਦਰਦ ਕਦੇ ਨਾ ਰੋਇਆ ਏ



# ਰੂਹ ਤੋਂ ਜਿਸਮ ਤੱਕ

ਸੁਣਿਆ ਏ...ਮਰਦ ਤੇ ਔਰਤ ਦਾ ਰਿਸ਼ਤਾ ਰੂਹ ਤੇ
ਜਿਸਮ ਦਾ ਰਿਸ਼ਤਾ ਹੁੰਦਾ ਏ ਨਹੀਂ ਨਹੀਂ...ਰੂਹ
ਤਾਂ ਪਾਉਣੀ ਪੈਂਦੀ ਏ ਇਸ ਰਿਸ਼ਤੇ 'ਚ....
ਆਪਾ ਗਵਾ ਕੇ, ਹਉਮੇ ਗਵਾ ਕੇ...ਖ਼ੁਦੀ ਨੂੰ
ਸਾਥੀ ਵਿਚੋਂ ਲੱਭ ਕੇ...ਖ਼ੁਦੀ ਨੂੰ ਸਾਥੀ ਦੇ ਵਿਚ
ਗਵਾ ਕੇ...ਰੂਹ ਤਾਂ ਪਾਉਣੀ ਪੈਂਦੀ ਏ...
ਉਮਰਾਂ ਬੀਤ ਜਾਂਦੀਆਂ...
ਆਪਾ ਮਰਦਿਆਂ...
ਹਉਮੈ ਦਬਦਿਆਂ...
ਤੇ ਕਦੀ ਕਦੀ...
ਜਿਸਮਾਂ ਦੀ ਖਿੱਚ...
ਰਿਸ਼ਤਿਆਂ ਦੀ ਰੂਹ ਤੇ ਹਾਵੀ ਹੋ...ਵਲੂੰਧਰ
ਸੁੱਟਦੀ ਹੈ ਉਸਨੂੰ....
ਤੇ ਲਹੂ ਲੁਹਾਨ ਰੂਹ ਸੋਚਦੀ ਹੈ...ਕਿਉਂ
ਨਹੀਂ ਗਵਾਰਾ ਮੇਰੀ ਹੋਂਦ...ਕਿਉਂ ਰੂਹ ਤੇ ਜਿਸਮ
ਦਾ ਰਿਸ਼ਤਾ....ਸਿਰਫ਼ ਜਿਸਮ ਦਾ ਰਿਸ਼ਤਾ ਹੋ ਕੇ
ਰਹਿ ਜਾਂਦਾ ਹੈ।

# ਬੇਗ਼ਾਨੀ

ਪੈਦਾ ਹੁੰਦੇ ਹੀ ਕੁਝ ਆਵਾਜ਼ਾਂ ਕੰਨੀਂ ਪਈਆਂ...
'ਹਨੇਰੀ'...'ਪੱਥਰ'...'ਬੇਗਾਨੀ ਅਮਾਨਤ'...
ਅਣਗੌਲੀ ਜਿਹੀ ਔਲਾਦ ਬਣ ਕੇ...ਵਾਧੂ
ਜਿਹੀ ਚੀਜ਼ ਬਣਕੇ...
ਕੱਟਿਆ ਬਚਪਨ...
ਹਰ ਕਦਮ ਤੇ ਸੁਣਿਆ...
'ਬੇਗਾਨੀ, ਪਰਾਈ ਅਮਾਨਤ'...
ਸਭ ਗੱਲਾਂ ਵਿੱਦਿਆ ਦੇ ਆੜੇ ਆਈਆਂ ਪੈਰਾਂ ਦੇ ਵਿਚ
ਬੇੜੀਆਂ ਪਾਈਆਂ...ਫਿਰ ਇਕ ਦਿਨ...
ਪਰਾਈ ਅਮਾਨਤ ਸਹੁਰੇ ਘਰ ਚਲੀ ਗਈ ਸੋਚਿਆ...
ਸ਼ਾਇਦ ਇਹ
ਉਸ ਦਾ "ਆਪਣਾ" ਘਰ ਹੈ...
ਪਰ ਕੁਝ ਦਿਨ ਬੀਤੇ...
ਫਿਰ ਸੁਣਿਆ ਉਹੀ ਸ਼ਬਦ...
'ਬੇਗਾਨੀ...ਪਰਾਈ ਧੀ...'
ਆਪਣਾ ਆਪਾ ਓਪਰਾ ਜਿਹਾ ਲੱਗਾ ਉਸਨੂੰ...
ਲੱਗਾ ਕੇ ਜੰਮਣ ਤੋਂ ਲੈ ਕੇ ਹੁਣ ਤੱਕ ਕਿੰਨੇ ਰਿਸ਼ਤੇ
ਨਿਭਾਏ ਉਸਨੇ...ਖ਼ੂਨ ਨਾਲ ਸਿੰਜਿਆ...ਸਾਰੇ
ਰਿਸ਼ਤਿਆਂ ਨੂੰ...ਪਰ ਇਹ 'ਬੇਗਾਨੀ' ਦਾ ਠੱਪਾ
ਉਸਦੇ ਮੱਥੇ ਤੋਂ ਕਿਉਂ ਨਹੀਂ ਲੱਥਾ ਇਹੋ ਸੋਚਦੇ ਸੋਚਦੇ
ਹੌਲੀ-ਹੌਲੀ...ਉਹ...
ਖ਼ੁਦ ਤੋਂ ਵੀ 'ਬੇਗਾਨੀ' ਹੋ ਗਈ।


**ਕੁਲਵਿੰਦਰ ਕੌਰ ਜੋਸਨ**
86, ਅਲਾਦਾਦ ਚੱਕ,
ਸਾਹਮਣੇ ਕ੍ਰਾਇਸ ਜੋਤ ਕਾਨਵੈਂਟ ਸਕੂਲ
ਗਾਜੀਪੁਰ ਰੋਡ, ਸੁਲਤਾਨਪੁਰ ਲੋਧੀ
ਮੋਬਾ : 85569-66101
e-mail : kulwinder67@yahoo.com







**ਪ੍ਰੋ: ਕਰਮਜੀਤ ਕੌਰ**
**ਕਿਸ਼ਾਂਵਲ**


# ਇੰਝ ਹੀ ਹੈ ਨਾ

ਬਹੁਤ ਫ਼ਰਕ ਹੁੰਦਾ
"ਚਾਹੁਣ" ਤੇ "ਚੁਣਨ" ਵਿਚ

ਤੂੰ ਮੈਨੂੰ ਚਾਹਿਆ ਨਹੀਂ
ਚੁਣਿਆ ਹੈ ਮਹਿਜ਼!

ਆਪਣੇ ਚਾਵਾਂ
ਵਿਚਾਰਾਂ
ਸੰਸਕਾਰਾਂ
ਤੇ
ਮਾਪਦੰਡਾਂ ਦੇ ਸਾਂਝੇ ਲਈ!

ਤੂੰ ਢਾਲ ਲੈਣਾ ਚਾਹੁੰਦਾ ਏਂ ਮੈਨੂੰ
ਉਸ ਸਾਂਚੇ 'ਚ ਪਾ
ਆਪਣੀ ਲੋੜ
ਤੇ ਚਾਹਤ ਅਨੁਸਾਰ!

...ਤੇ ਮੇਰੀ ਹੋਂਦ
ਮੇਰੇ ਆਪੇ
ਤੇ ਤੇਰੇ ਬਣਾਈ ਸਾਂਝੇ ਦਰਮਿਆਨ
ਭਟਕ ਰਹੀ ਹੈ!!!

# ਰਾਜ ਮੱਦ

ਫਿਰ ਬਣੇਗਾ ਕੋਈ ਨਵਾਂ ਰਾਜਾ
ਫਿਰ ਹੋਵੇਗਾ ਰਾਜ ਤਿਲਕ
ਫਿਰ ਸਜਣਗੇ ਚੌਂਕ
ਨਿਕਲਣਗੇ ਜਲੂਸ
ਗੂੰਜਣਗੇ ਬੈਂਡ-ਬਾਜੇ
ਨੱਚੇਗੀ ਪਰਜਾ
ਹੋਵੇਗੀ ਫੁੱਲਾਂ ਦੀ ਬਰਸਾਤ
ਰਾਜ ਮੱਦ ਨਾਲ
ਉੱਚ ਹੋਣਗੇ
ਮਸਤਕ ਚਾਪਲੂਸਾਂ ਦੇ
....ਤੇ
ਕੁਚਲ ਦਿੱਤੇ ਜਾਣਗੇ
ਅਸਹਿਮਤੀ ਦੇ ਸਿਰ
ਵਿਜੈ ਜਲੂਸ ਥੱਲੇ !



# ਅਦਾਲਤ ਜਾਰੀ ਹੈ

ਘਰੋਂ ਜੋ ਤੁਰਦਾ ਹੈ
ਸੁਆਲਾਂ ਦੀ ਪੰਡ ਮੋਢਿਆਂ 'ਤੇ ਰੱਖ
ਰੋਜ਼ ਪਰਤ ਆਉਂਦਾ ਉਹ
ਸੁੱਕੀਆਂ ਅੱਖਾਂ ਵਿੱਚ
ਅਣਸੁਲਝੇ ਸਵਾਲ ਲੈ ਕੇ-
ਘਰ ਤੋਂ ਅਦਾਲਤ ਤੱਕ ਦਾ ਰਾਹ
ਹੁਣ ਉਸਨੂੰ ਬਹੁਤ ਛੋਟਾ ਲੱਗਦਾ
ਬੱਸ
ਵੱਡੇ ਤਾਂ ਉਹ ਸਵਾਲ ਲੱਗਦੇ
ਜਿਨ੍ਹਾਂ ਦੇ ਜਵਾਬ ਲਈ
ਉਮਰ ਦਾ ਇੱਕ ਵੱਡਾ ਹਿੱਸਾ
ਇਨ੍ਹਾਂ ਰਾਹਾਂ ਨੇ ਖਾ ਲਿਆ
ਉਹ ਅਕਸਰ ਸੋਚਦਾ,
"ਕੀ ਇਹ ਬੀਮਾਰ ਨਿਆਂਤੰਤਰ
ਦੇ ਸਕੇਗਾ ਮੇਰੇ ਸਵਾਲਾਂ ਦੇ ਜਵਾਬ
ਮੇਰੇ ਜਿਉਂਦੇ-ਜੀ ?"

ਪਰ ਕਹਿੰਦੇ ਨੇ
ਰੌਲਾ ਨਾ ਪਾਓ
ਅਦਾਲਤ ਜਾਰੀ ਹੈ
ਭਾਵੇਂ
ਮਰ ਗਏ ਨੇ ਕਈ ਫਰਿਆਦੀ
ਵਿਕ ਗਏ ਨੇ ਸਭ ਗਵਾਹ
ਪਰ ਅਦਾਲਤ ਜਾਰੀ ਹੈ
ਇਥੇ ਬੋਲਣ 'ਤੇ ਹੈ ਪਾਬੰਦੀ
ਬਸ ਠੰਡੇ ਸਾਹਾਂ ਦੀ ਵਾਰੀ ਹੈ
ਬੱਸ
ਸਾਹ ਲੈ ਸਕਦੇ ਹੋ ਤੁਸੀਂ
ਪਰ ਉਸ ਵਿੱਚ ਬਗਾਵਤ ਨਾ ਹੋਵੇ
ਅਦਾਲਤ ਜਾਰੀ ਹੈ!!!

# ਵਸਤੂ ਕਲਚਰ

ਐ ਨਾਦਾਨ!
ਸਮਝਾ ਜ਼ਰਾ
ਇਸ ਨਗਰ 'ਚ ਵਸਦੇ ਲੋਕ
"ਅੰਦਰੋਂ" ਨਹੀਂ
"ਬੁੱਲ੍ਹਾਂ" 'ਚੋਂ ਬੋਲਦੇ ਨੇ
ਇਹਨਾਂ ਦੇ ਬੋਲਾਂ 'ਚ ਹੈ
ਰੂਹਾਂ ਦੀ ਇਬਾਦਤ
ਪਰ
ਅੱਖਾਂ ਨਾਲ ਇਹ ਕਰਦੇ ਹਰਦਮ
ਜਿਸਮਾਂ ਦੀ ਪਰਿਕਰਮਾ
ਵਸਤਾਂ ਦੀ ਬੋਲੀ ਕਰਦੇ-ਕਰਦੇ
"ਰੂਹਹੀਣ" ਹੋਏ ਵਪਾਰੀ
ਰੂਹਾਂ ਭਾਵਾਂ
ਤੇ ਜਿਸਮਾਂ ਦਾ ਵੀ
ਮੁੱਲ ਲਾਉਂਦੇ ਨੇ
ਇਹਨਾਂ ਲਈ
ਤਨ ਮੰਡੀ
ਮਨ ਮੰਡੀ
ਇਹਨਾਂ ਦੀਆਂ ਖੋਪੜੀਆਂ ਅੰਦਰ
ਬੱਸ "ਮੰਡੀ" ਦਾ ਖ਼ਾਕਾ
ਦਿਲਾਂ ਵਾਲੀ ਗੱਲ ਦੀ ਇਹ
ਖਿੱਲੀ ਉਡਾਉਂਦੇ
ਕਲਾ ਵਿਚੋਂ
ਸੁਹਜ ਨਹੀਂ ਲਭਦੇ ਇਹ
ਕਲਾ ਨੂੰ ਮਹਿਜ਼
"ਉਤੇਜਨਾ" ਦਾ ਵਸੀਲਾ ਬਣਾਉਂਦੇ
ਐ ਨਾਦਾਨ!
ਕਦੇ ਇਹਨਾ ਦੇ
ਬੁੱਲ੍ਹਾਂ 'ਚੋਂ ਕਿਰੇ ਬੋਲਾਂ ਨੂੰ
ਸੱਚ ਨਾ ਸਮਝ ਬੈਠੀਂ!
ਇਹ ਅੱਖੀਆਂ 'ਚ ਆਏ "ਪਾਣੀ" ਦਾ
ਨਾਂ ਨਹੀਂ ਜਾਣਦੇ



# ਐ ਕਵਿਤਾ ਵਰਗਿਆ

ਤੂੰ ਉਸ ਭੀੜ 'ਚ ਸ਼ਾਮਿਲ ਨਹੀਂ
ਜਿਸ ਵਿਚੋਂ ਆਉਂਦੀ ਹੈ ਬੱਸ
"ਵਾਹ ਵਾਹ" ਦੀ ਆਵਾਜ਼
ਤੇਰੇ ਕੋਲ
ਉਹ "ਅੱਖਾਂ" ਨੇ ਜੋ
ਪੜ੍ਹ ਲੈਂਦੀਆਂ ਨੇ ਉਹ ਵੀ
ਜੋ ਮੈਂ ਅਜੇ ਲਿਖਣਾ ਹੈ

ਤੇਰੇ ਕੋਲ
ਉਹ ਕੰਨ ਨੇ ਜੋ
ਸੁਣ ਲੈਂਦੇ ਨੇ ਉਹ ਵੀ
ਜੋ ਮੈਂ ਅਜੇ ਕਹਿਆ ਨਹੀਂ-

....ਤੇ ਤੇਰੇ ਕੋਲ ਹੈ
ਚੁੱਪ ਦਾ ਤਰਜੁਮਾ...

ਮੇਰੀਆਂ "ਅਣਲਿਖੀਆਂ" ਕਵਿਤਾਵਾਂ ਦੇ ਪਾਠਕ!
ਮੇਰੀਆਂ "ਅਣਕਹੀਆਂ" ਕਵਿਤਾਵਾਂ ਦੇ ਸਰੋਤਿਆਂ!
ਚੁੱਪ ਦੇ ਪਲਾਂ 'ਚ
ਉਮਰਾਂ ਜੇਡੀ ਬਾਤ ਪਾਉਣ ਵਾਲਿਆ!
ਐ ਕਵਿਤਾ ਵਰਗਿਆ!
ਤੈਨੂੰ ਹੀ ਤਾਂ ਲਭਦੀ ਸੀ ਮੇਰੀ ਕਵਿਤਾ

**-ਪ੍ਰੋ: ਕਰਮਜੀਤ ਕੌਰ ਕਿਸ਼ਾਂਵਲ**
ਫ਼ਤਿਹਗੜ੍ਹ ਸਾਹਿਬ
(ਪੰਜਾਬ)



ਖੁਸ਼ਪ੍ਰੀਤ ਇੰਸ਼ਾਂ

## ਸੱਚ ਦਾ ਸਤਿਕਾਰ

ਹੇ ਮਾਲਕਾ!
ਸੋਚ ਸਮਾਜ ਦੀ ਜੇ ਬਦਲ ਜਾਵੇ,
ਕਰੇ ਸੱਚ ਦਾ ਸਤਿਕਾਰ।
ਫਿਰ ਜਲਦੀ ਆ ਜਾਵੇ,
ਸਤਿਯੁਗ ਦੀ ਸਰਕਾਰ।

ਇਨਸਾਨ ਬਣੇ ਜਲਾਦ,
ਕ੍ਰੋਧ ਦਾ ਆਇਆ ਰਾਜ।
ਦਿਮਾਗ ਪਾਗਲ ਕਰੇ,
ਕਾਮ ਵੀ ਕਰੇ ਆਪਣਾ ਕਾਜ।
ਪੈਸੇ ਪਿੱਛੇ ਮਰਦੀ ਦੁਨੀਆ,
ਲੋਭ ਦਾ ਚੱਲੇ ਰਿਵਾਜ।
ਹਰ ਇਕ ਰਿਸ਼ਤਾ ਗਰਜੀ,
ਹਰ ਇਕ ਵਿਚ ਖਾਰ
ਹੇ ਮਾਲਕਾ!

ਸੁਣ ਸੱਚੀ ਸੁੱਚੀ ਬਾਣੀ,
ਰੂਹਾਨੀਅਤ ਦਾ ਸਾਜ।
ਨੇਕੀ ਅੱਗੇ ਆਵੇ,
ਜਿਸ ਨੂੰ ਤਰਸੇ ਸਮਾਜ।
ਇਕੱਠੇ ਰਹਿਣ ਲੱਗ ਜਾਣ,
ਚਿੜੀਆਂ ਅਤੇ ਬਾਜ਼।
ਰੂਹ ਖ਼ੁਸ਼ੀ ਵਿਚ ਨੱਚੇ,
ਸਤਗੁਰ ਸੰਗ ਹੋਵੇ ਪਿਆਰ।
ਹੇ ਮਾਲਕਾ!
ਸੋਚ ਸਮਾਜ ਦੀ ਜੇ ਬਦਲ ਜਾਵੇ,
ਕਰੇ ਸੱਚ ਦਾ ਸਤਿਕਾਰ।
ਫਿਰ ਜਲਦੀ ਆ ਜਾਵੇ,
ਸਤਿਯੁਗ ਦੀ ਸਰਕਾਰ।



## ਦੀਵਾ

ਉਹ ਦੀਵਾ ਤੇਰੇ ਕੋਲ ਹੈ ਸੱਜਣਾ
ਜਿਸ ਨਾਲ ਰੌਸ਼ਨ ਹੋਵੇ ਜੱਗ ਸਾਰਾ
ਉਹ ਕਿਸ਼ਤੀ ਤੇਰੇ ਕੋਲ ਹੈ ਸੱਜਣਾ
ਜਿਸ ਨਾਲ ਲੱਭੇ ਸੱਚ ਦਾ ਕਿਨਾਰਾ

ਇਕ ਜੁਗਤੀ ਐਸੀ ਦੱਸਦੇ ਤੂੰ ਸੱਜਣਾ
ਜਿਸ ਨਾਲ ਰੋਂਦੇ ਹੱਸਣ ਲੱਗ ਜਾਂਦੇ ਨੇ
ਮੁੱਦਤਾਂ ਦੇ ਲੱਗੇ ਰੋਗ ਵੇ ਸੱਜਣਾ
ਪਲ ਵਿਚ ਨੱਸਣ ਲੱਗ ਜਾਂਦੇ ਨੇ
ਸਾਰੇ ਜਨਮਾਂ ਤੋਂ ਮੁਕਤੀ ਹੋ ਜਾਵੇ
ਮੁੜ ਨਾ ਵੇਖੇ ਚੁਰਾਸੀ ਦਾ ਕਿਨਾਰਾ
ਉਹ ਦੀਵਾ.....

ਉੱਚੇ ਸੁੱਚੇ ਸਾਡੇ ਭਾਗ ਸੀ ਸੱਜਣਾ
ਜਿਹੜੇ ਤੁਸੀਂ ਸੱਚੇ ਸਤਿਗੁਰ ਮਿਲ ਗਾਏ
ਸਦੀਆਂ ਤੋਂ ਮੁਰਝਾਏ ਹੋਏ ਅਸੀਂ
ਤਾਜੇ ਕਮਲ ਵਾਂਗ ਖਿਲ ਗਏ
ਭੁੱਲਿਆ ਨੂੰ ਰਾਹ ਵਿਖਾਇਆ
ਸਾਰੀ ਦੁਨੀਆਂ ਦਾ ਕੀਤਾ ਪਾਰ ਉਤਾਰਾ

ਉਹ ਦੀਵਾ ਤੇਰੇ ਕੋਲ ਹੈ ਸੱਜਣਾ
ਜਿਸ ਨਾਲ ਰੌਸ਼ਨ ਹੋਵੇ ਜੱਗ ਸਾਰਾ

## ਯਾਰ

ਸਮਝ ਚਾਹੇ, ਨਾ ਸਮਝ ਓ ਯਾਰਾ,
ਅਸਾਂ ਦਿਲ ਦੀ ਖੋਲ ਸੁਣਾਈ
ਹੋਰ ਸਭ ਕੁਝ ਭੁੱਲ ਗਏ
ਜਦ ਪ੍ਰੀਤ ਤੇਰੇ ਸੰਗ ਲਾਈ

ਜਦ ਤੈਨੂੰ ਅਸਾਂ ਤੱਕਿਆ
ਰੱਬ ਨਾ ਚੇਤੇ ਰਿਹਾ
ਤੂੰ ਹੀ ਮੇਰੀ ਜਿੰਦ ਜਾਨ
ਇਹੋ ਦਿਲ ਨੇ ਕਿਹਾ
ਬੱਸ ਤੂੰ ਹੀ ਚੇਤੇ ਆਵੇ
ਹੋਰ ਗੱਲ ਯਾਦ ਨਾ ਕਾਈ...
ਸਮਝ ਚਾਹੇ

ਤੂੰ ਬਣ ਗਿਆ ਮੇਰਾ ਮਾਲਕ,
ਮੈਂ ਬਣ ਗਈ ਤੇਰੀ ਦਾਸੀ
ਦੂਰ ਨਾ ਮੈਨੂੰ ਰੱਖੀ ਦਿਲਦਾਰਾ,
ਮੈਂ ਹਾਂ ਤੇਰੀ ਪਿਆਸੀ।
ਤੂੰ ਮੇਰੇ ਲਈ ਜੱਗ ਤੇ ਆਇਆ
ਮੈਂ ਤੇਰੇ ਲਈ ਆਈ
ਸਮਝ ਚਾਹੇ,

ਤੇਰਾ ਮੁਖੜਾ ਚੰਦ ਵਰਗਾ
ਮੇਰੇ ਸੋਹਣਿਆਂ ਵੇ ਦਿਲਦਾਰਾ,
ਤੂੰ ਸਾਰੀ ਦੁਨੀਆਂ ਤੋਂ,
ਮੈਨੂੰ ਲੱਗਦਾ ਏ ਪਿਆਰਾ,
ਤੇਰੀ ਸੋਹਣੀ ਸੋਹਣੀ ਸੂਰਤ,
ਅਸਾਂ ਅੱਖੀਆਂ ਵਿਚ ਵਸਾਈ

ਸਮਝ ਚਾਹੇ, ਨਾ ਸਮਝ ਓ ਯਾਰਾ,
ਅਸਾਂ ਦਿਲ ਦੀ ਖੋਲ ਸੁਣਾਈ
ਹੋਰ ਸਭ ਕੁਝ ਭੁੱਲ ਗਏ
ਜਦ ਪ੍ਰੀਤ ਤੇਰੇ ਸੰਗ ਲਾਈ।



## ਸੁਪਨਿਆਂ ਦੇ ਸੁਲਤਾਨ

ਪਹਿਲ ਪਲੇਠਾ ਪਿਆਰ ਤੂੰ ਮੇਰਾ।
ਸੋਹਣਾ ਯਾਰ ਦਿਲਦਾਰ ਤੂੰ ਮੇਰਾ।
ਤੇਰੇ ਉੱਤੋਂ ਜਾਨ ਕਰਾਂ ਕੁਰਬਾਨ।
ਮੇਰੇ ਸੁਪਨਿਆਂ ਦੇ ਸੁਲਤਾਨ।

ਕਦੇ ਹੋਵੇ ਤੇਰਾ ਦੀਦਾਰ ਮੈਨੂੰ।
ਕਦੋਂ ਮਿਲੇ ਤੇਰਾ ਪਿਆਰ ਮੈਨੂੰ।
ਬੱਸ ਐਵੇਂ ਸੋਹਣੇ ਦਿਨ ਬਿਤਾਉਣ।
ਮੇਰੇ ਸੁਪਨਿਆਂ ਦੇ ਸੁਲਤਾਨ।

ਮੈਨੂੰ ਛੱਡ ਜਾਵੀਂ ਨਾ ਦੂਰ।
ਤੇਰੇ ਹੱਥੋਂ ਮੌਤ ਮਨਜ਼ੂਰ।
ਤੇਰਾ ਹਰ ਹੁਕਮ ਪਰਵਾਨ।
ਮੇਰੇ ਸੁਪਨਿਆਂ ਦੇ ਸੁਲਤਾਨ।

ਮੁੱਖੜਾ ਤੂੰ ਨਾ ਮੋੜੀ।
ਦਿਲ ਮੇਰਾ ਨਾ ਤੋੜੀਂ।
ਤੇਰੇ ਨਾਲ ਮੇਰੀ ਪਹਿਚਾਣ।
ਮੇਰੇ ਸੁਪਨਿਆਂ ਦੇ ਸੁਲਤਾਨ।

ਛੱਡ ਸੁਪਨੇ, ਤੂੰ ਆ ਯਾਰਾ।
ਕਦੇ ਤਾਂ ਤੂੰ ਫੇਰਾ ਪਾ ਯਾਰਾ।
ਹੋਇਆਂ ਕਿਉਂ ਬੇਧਿਆਨ।
ਮੇਰੇ ਸੁਪਨਿਆਂ ਦੇ ਸੁਲਤਾਨ।
ਤੇਰੇ ਉੱਤੋਂ ਜਾਨ ਕਰਾਂ ਕੁਰਬਾਨ।

# ਉਦਾਸ ਚਿਹਰਾ

ਤੂੰ  ਹੱਸਮੁੱਖ ਚਿਹਰੇ ਵਾਲੀ
ਗੱਲ ਗੱਲ ਉੱਤੇ ਹੱਸਦੀ ਸੀ
ਤੇਰੀ ਅੱਖ ਸੁਰਮੇ ਵਾਲੀ ਨੀ
ਗੱਲਾਂ ਦਿਲ ਦੀਆਂ ਦੱਸਦੀ ਸੀ
ਮੁੱਖ ਤੇਰੇ ਤੇ ਉਦਾਸੀ
ਨਾ ਪਹਿਲਾਂ ਵਾਂਗ ਰੰਗ
ਮੈਂ ਤੱਕ ਤੈਨੂੰ ਨੀ
ਰਹਿ ਗਿਆ ਸੀ ਦੰਗ
ਇਹ ਕਾਹਦਾ ਤੈਨੂੰ ਗ਼ਮ ਖਾਵੇਂ
ਚੰਗੀ ਭਲੀ ਤੂੰ ਵੱਸਦੀ ਸੀ...ਤੇਰੀ ਅੱਖ
ਚੜ੍ਹੀ ਜਵਾਨੀ ਤੇਰੇ ਤੇ
ਹਰ ਕੋਈ ਜਾਂਦਾ ਸੀ ਡੁੱਲ
ਮਸਤ ਤੇਰੀ ਤੋਰ ਦੇਖ ਕੇ
ਸਭ ਹੋਸ਼ ਜਾਂਦੇ ਸੀ ਭੁੱਲ
ਅੱਖ ਕਾਸ਼ਨੀ ਤੇਰੀ ਨੀ
ਨਿੱਤ ਆਸ਼ਿਕ ਡੱਸਦੀ ਸੀ...ਤੇਰੀ ਅੱਖ
ਤੈਨੂੰ ਧੋਖਾ ਕਿਸਨੇ ਦਿੱਤਾ
ਕਿਸਨੇ ਦਿੱਤਾ ਤੈਨੂੰ ਮਾਰ
ਵੇ ਧੋਖਾ ਮੈਨੂੰ ਉਹ ਦੇ ਗਿਆ
ਕਰਦੀ ਸੀ ਜਿਸਨੂੰ ਪਿਆਰ
ਤੂੰ ਧੋਖਾ ਕਿਵੇਂ ਖਾ ਗਈ
ਪਹਿਲਾਂ ਹੀ ਘੂਰੀ ਵੱਟਦੀ ਸੀ
ਤੂੰ ਹੱਸਮੁੱਖ ਚਿਹਰੇ ਵਾਲੀ
ਗੱਲ ਗੱਲ ਉੱਤੇ ਹੱਸਦੀ ਸੀ
ਤੇਰੀ ਅੱਖ ਸੁਰਮੇ ਵਾਲੀ ਨੀ
ਗੱਲਾਂ ਦਿਲ ਦੀਆਂ ਦੱਸਦੀ ਸੀ

**-ਖੁਸ਼ਪ੍ਰੀਤ ਇੰਸ਼ਾਂ**
ਪਿੰਡ : ਹਰੀਗੜ੍ਹ, ਡਾ: ਰਾਏਧਰਾਣਾ, ਤਹਿ: ਸੁਨਾਮ
(ਸੰਗਰੂਰ)148033, ਮੋਬਾ: 94642-50975





**ਮੰਗਲ ਢਿੱਲੋਂ**

# ਰਹਿਣਾ ਕੱਖ ਨੀ ਪੰਜਾਬੀਓ

ਚੱਕ ਮਾਰਤੇ ਖੇਤਾਂ 'ਚੋਂ ਜਾਂਚ ਸਾਰਿਆਂ ਦੀ ਹੋਵੇ।
ਲੱਗੇ ਮੋਢਿਆਂ ਤੇ ਮਣਾਂ ਮੂੰਹੀਂ ਤਾਰਿਆਂ ਦੀ ਹੋਵੇ।
ਜਿੰਨੇ ਕੰਡਿਆਂ ਨੇ ਮਿੱਧੇ ਫੁੱਲ ਜ਼ੋਬਨਾਂ ਦੀ ਰੁੱਤੇ
ਰਹਿਣਾ ਕੱਖ ਨੀ ਪੰਜਾਬੀਓ, ਜੇ ਹੋਰ ਰਹਿਗੇ ਸੁੱਤੇ

ਸਾਡੀ ਚੜ੍ਹਦੀ ਜਵਾਨੀ ਇਹਨਾਂ ਨਸ਼ਿਆਂ ਚ ਪਾਤੀ।
ਸਾਡੇ ਮਾਰ-ਮਾਰ ਹੱਕ ਧਰਤੀ ਬੰਜਰ ਬਣਾਤੀ।
ਹੱਕ ਗੈਰਾਂ ਦਾ ਕਿਵੇਂ ਐ ਸਾਡੇ ਪਾਣੀਆਂ ਦੇ ਉੱਤੇ।
ਰਹਿਣਾ....................

ਸਾਨੂੰ ਮਾਰਨੇਂ ਨੇ ਮਿਹਣੇ ਖਿਦਰਾਣੇਂ ਵਾਲੀ ਢਾਬ ਨੇ।
ਜੇ ਮਾਰਨਾਂ ਧੀਆਂ ਦਾ ਜਾਰੀ ਰੱਖਿਆ ਪੰਜਾਬ ਨੇ।
ਕਿੱਥੋਂ ਲਭੂ ਮਾਈ ਭਾਗੋ ਜੇ ਨਾ ਵਕਤ ਤੇ ਉੱਠੇ।
ਰਹਿਣਾ....................

ਅਸੀਂ ਪਾਉਣ ਲਈ ਆਜ਼ਾਦੀ ਜਾਨਾਂ ਕੀਤੀ ਲੁਟਾਈਆਂ।
ਪੈ ਗਏ ਵਿਹਲੜਾਂ ਦੇ ਹਾਰ ਸਾਨੂੰ ਫਾਂਸੀਆਂ ਹੀ ਆਈਆਂ।
ਢਿੱਲੋਂ ਹੂਟਰਾਂ 'ਚ ਮੰਗਲਾ ਉਹ ਕਿਹੜੇ ਬਲਬੂਤੇ।
ਰਹਿਣਾ................

# ਯਾਰੀ

ਧੀ ਜੰਮਦੀ ਮਰ ਜਾਵੇ ਜਿਹੜੀ ਦਾਗ ਪੱਗ ਨੂੰ ਲਾਵੇ।
ਉਹ ਪੁੱਤਰ ਕਿਸ ਕੰਮ ਦਾ ਜਿਹੜਾ ਬਾਪ ਦੀ ਨੀਵੇਂ ਪਵਾਵੇ।
ਰੰਨ ਬਦਕਾਰ ਨੂੰ ਛੱਡੀਏ ਨਾ ਭਾਵੇਂ ਸਾਹੋਂ ਵੱਧ ਪਿਆਰੀ।
ਗੱਲਾਂ ਹੁੰਦੀਆਂ ਖੁੰਢਾਂ ਤੇ, ਦੋਗਲਾ ਨਹੀਂ ਨਿਭਾਉਂਦਾ ਯਾਰੀ।

ਕਹਿੰਦੇ ਸੱਚ ਸਿਆਣੇ ਨੇ ਤੀਵੀਂ ਬਿਨ ਘਰ ਤੂੜੀ ਦਾ ਕੋਠਾ।
ਪਹਿਲਾਂ ਯਾਰੀ ਪੱਗ ਦੀ ਸੀ ਹੁਣ ਯਾਰੀ ਏ ਨਾਲ ਨੋਟਾਂ।
ਹਾਣ ਤਰਸਦਾ ਹਾਣੀ ਨੂੰ ਜਿੱਥੇ ਪੈਸਾ ਹੋ ਜੇ ਭਾਰੀ।
ਗੱਲਾਂ ਹੁੰਦੀਆਂ ਖੁੰਢਾਂ ਤੇ....................।

ਜੀਹਨੂੰ ਘਰ ਕੋਈ ਪੁੱਛਦਾ ਨਹੀਂ ਮੱਤਾਂ ਦੇਵੇ ਸੱਥ ਵਿਚਾਲੇ।
ਯਾਰੋ ਚੱਕ ਸ਼ਰੀਕਾਂ ਦੀ ਵਸਦੇ ਘਰੀਂ ਲਵਾਉਂਦੀ ਤਾਲੇ।
ਜਿੱਥੇ ਪੁੱਗਦੀ ਤੀਵੀਂ ਉਥੇ ਮਰਦ ਦੀ ਰੁਲੇ ਸਰਦਾਰੀ।
ਗੱਲਾਂ ਹੁੰਦੀਆਂ ਖੁੰਢਾਂ ਤੇ....................।

ਜੱਫਾ ਮਾੜਾ ਅੰਨ੍ਹੇ ਦਾ, ਵੈਰ ਨੀ ਊਠ ਤੇ ਜੱਟ ਦਾ ਚੰਗਾ।
ਸੱਥ ਵਿਚਾਲੇ ਵੀ ਦਾਰੂ ਪੀ ਕੇ ਲਈਏ ਨਾ ਪੰਗਾ।
ਦੁੱਖ ਵੇਲੇ ਛੱਡ ਜਾਣਾਂ ਇਹ ਕਾਹਦੀ ਏ ਦਿਲਦਾਰੀ।
ਗੱਲਾਂ ਹੁੰਦੀਆਂ ਖੁੰਢਾਂ ਤੇ....................।

ਅਮਲੀ ਤੇ ਸਾਧ ਕਦੇ ਕਹਿੰਦੇ ਭੰਗ ਬਿਨਾਂ ਨਾ ਬਚਦੇ
ਸਹੁਰੇ ਨਾਲ ਜਵਾਈਆਂ ਦੇ ਕੱਠੇ ਪੀਣ ਕਦੇ ਨਾ ਜੱਚਦੇ
'ਭਵਾਨੀਗੜ੍ਹੀਆਂ' ਜਚਦਾ ਨਹੀਂ ਕਰਜ਼ੇ 'ਮੰਗਲਾ' ਯਾਰ ਗਦਾਰੀ
ਗੱਲਾਂ ਹੁੰਦੀਆਂ ਖੁੰਢਾਂ ਤੇ....................



# ਕਿਨਾਰੇ

ਐਸੀ ਖੇਡੀ ਖੇਡ ਮੁਕੱਦਰਾਂ ਨੇ ਚਾਵਾਂ ਤਾਈਂ ਮੈਨੂੰ ਦੱਬਣਾ ਪਿਆ।
ਕੀ ਕਰਦੀ ਫੇਰ ਮੈਂ ਹਾਣਦਿਆਂ ਮਰਦੀ ਨੂੰ ਅੱਕ ਚੱਬਣਾ ਪਿਆ।
ਨਾਂ ਬੋਤਲ ਦੇ ਨਾਲ ਲਾ ਯਾਰੀ ਏਹਦਾਂ ਚਸਕਾ ਰੇਤ ਰੁਲਾ ਦਿੰਦਾ।
ਜਦ ਡੋਬਕੇ ਮਾਲਕ ਰਾਜ਼ੀ ਸੀ, ਵੇ ਦੱਸ ਕੌਣ ਕਿਨਾਰੇ ਲਾ ਦਿੰਦਾ

ਮੇਰੇ ਪਿੱਛੇ ਲੜਕੇ ਹਾਣਦਿਆਂ ਤੇਰਾ ਜਣੇ-ਖਣੇ ਨਾਲ ਵੈਰ ਪਿਆ।
ਜਦ ਉਂਗਲ ਉਠੀ ਲੋਕਾਂ ਦੀ ਫੇਰ ਛੱਡਣਾ ਤੇਰਾ ਸ਼ਹਿਰ ਪਿਆ।
ਲੰਘੇ ਪੁਲਾਂ 'ਚੋਂ ਪਾਣੀ ਨੂੰ ਦੱਸ ਕਿਹੜਾ ਮੋੜ ਲਿਆ ਦਿੰਦਾ।
ਜਦ ਡੋਬਕੇ ਮਾਲਕ.............।

ਗਲਗੂੱਠਾ ਦੇ ਕੇ ਖ਼ੁਸ਼ੀਆਂ ਦੇ ਬੱਸ ਗਮੀਆਂ ਨੂੰ ਸਿਰ ਚਾੜ੍ਹ ਦਿੱਤਾ।
ਫੇਰ ਪੱਜ ਬਣਾਕੇ ਗੀਤਾਂ ਦਾ ਤੇਰਾ ਰਾਖਿਆਂ ਬਾਗ ਉਜਾੜ ਦਿੱਤਾ।
ਏਥੇ ਮੁੱਢੋਂ ਜ਼ੋਰ ਧਨਾਢਾਂ ਮਾੜੇ ਦੀ ਕੁੱਲੀ ਢਾਹ ਦਿੰਦਾ।
ਜਦ ਡੋਬਕੇ ਮਾਲਕ................।

ਮੇਰੀ ਰੂਹ ਤਾਂ ਸੱਜਣਾਂ ਕੋਲ ਤੇਰੇ ਇਹ ਲੋਥ ਗੈਰਾਂ ਦਰ ਢੁੱਕੀ ਵੇ।
'ਭਵਾਨੀਗੜ੍ਹੀਆਂ ਮੰਗਲ' ਪ੍ਰੀਤ ਤੇਰੀ ਦੇਖ ਕਿਹੜੇ ਮੋੜ ਤੇ ਮੁੱਕੀ ਵੇ।
ਆਪਾਂ ਵਸਦੇ ਰਹਿੰਦੇ ਹਾਣਦਿਆਂ ਜੇ ਮੇਹਰ ਮਨਾਂ ਵਿਚ ਪਾ ਦਿੰਦਾ।
ਜਦ ਡੋਬਕੇ ਮਾਲਕ............।

# ਦੇਸ਼ ਬੇਗਾਨਾਂ

ਤੇਰਾ ਪੁੱਤ ਪੱਥਰਾਂ ਵਿੱਚ ਰੁਲਦਾ ਏ ਨਾ ਯਾਦ ਵਤਨ ਦੀ ਭੁਲਦਾ ਏ।
ਮਾਂ ਤੇਰੀ ਬੁੱਕਲ ਦਾ ਨੀਂ ਨਿੱਘ ਮਿਲਦਾ ਹੁਣ ਦੱਸਦੇ ਕਿੱਧਰ ਨੂੰ ਜਾਵਾਂ।
ਇਹ ਦੇਸ਼ ਬੇਗਾਨਾ, ਲੋਕ ਬਿਗਾਨੇ ਮੈਂ ਕਿਹਨੂੰ ਦੁੱਖ ਸੁਣਾਵਾਂ।

ਜਿਹੜੀ ਨਿੱਕੀ ਜੀ ਛੱਡ ਚੱਲਿਆ ਸਾਂ ਉਹ ਗੁੱਡੀ ਅੱਜ ਉਤਾਰ ਹੋਊ।
ਸੋਚਦਾ ਹਾਂ ਹਰ ਵੇਲੇ ਹੀ ਕਿਹੜੇ ਹਾਲ 'ਚ ਮੇਰਾ ਪਰਿਵਾਰ ਹੋਊ।
ਬੱਸ ਕੇਰਕੇ ਹੰਝੂ ਪੁੱਛ ਲੈਨਾਂ ਜਦ ਵਤਨੋਂ ਆਉਣ ਹਵਾਵਾਂ।
ਇਹ ਦੇਸ਼ ਬਿਗਾਨਾ................।

ਨਾਂ ਮੱਲ ਅਖਾੜਿਆਂ ਵਿੱਚ ਦਿਸਦੇ ਨਾ ਤੀਆਂ ਨਾ ਮਾਂ ਮੇਲੇ ਨੇ।
ਨਾ ਕੁੜੀਆਂ ਤ੍ਰਿੰਝਣ ਜੋੜਦੀਆਂ ਨਾ ਕੌਡੀ ਘੋਲ ਤਬੇਲੇ ਨੇ।
ਨਾ ਖੂਹ ਉਤੇ ਰੌਣਕਾਂ ਨੇ ਨਾ ਠੰਡੀਆਂ ਬੋਹੜ ਦੀਆਂ ਛਾਵਾਂ।
ਇਹ ਦੇਸ਼ ਬਿਗਾਨਾ................।

ਨਾ ਪਿੰਡ ਵਾਲਾ ਗੋਰਾ ਖੂਹ ਦਿਸਦਾ ਨਾ ਬਲਦਾਂ ਦੇ ਗਲ ਟੱਲ ਹੋਵੇ।
ਸੋਚਦਾ ਹਾਂ ਕਿਤੇ ਨੇੜੇ ਜੇ ਬਾਪੂ ਦਾ ਚਲਦਾ ਹਲ ਹੋਵੇ।
ਧੁੱਪ ਵਿਚ ਤਪਦੇ ਬਾਬਲ ਲਈ ਮੈਂ ਛਾਂ ਛਤਰੀ ਦੀ ਬਣ ਜਾਵਾਂ।
ਇਹ ਦੇਸ਼ ਬਿਗਾਨਾ................।

ਬੱਸ ਪੌਂਡਾਂ ਦੀ ਚਮਕ ਝੂਠੀ ਕਰ ਦਿੰਦੀ ਹੈ ਪ੍ਰਦੇਸੀ ਮਾਂ।
ਤੇਰੇ ਘਰ ਦਾ ਚਾਨਣ ਰੁਲਦਾਂ ਏ ਪੈਰਾਂ ਵਿਚ ਵਿਦੇਸ਼ੀ ਮਾਂ।
ਤੇਰਾ 'ਮੰਗਲ' ਸੋਚਦਾ ਹਰ ਵੇਲੇ ਕਦ 'ਭਵਾਨੀਗੜ੍ਹ' ਪੈਰ ਟਿਕਾਵਾਂ
ਇਹ ਦੇਸ਼ ਬਿਗਾਨਾ................।



# ਬੋਤਲੇ

ਕਿਸੇ ਕੰਜਰੀ ਦੀ ਕੁੱਖ ਵਿਚੋਂ ਜੰਮੀਏ ਵੈਲੀਆਂ ਦੇ ਵਿੱਚ ਨਿੱਤ ਬਹਿਣੀ ਏ।
ਅੱਲ੍ਹੜ ਜਵਾਨੀਆਂ ਦੀ ਭੁੱਖੀਏ ਕੱਚੀਆਂ ਕਰੂੰਬਲਾਂ ਨਾਲ ਖਹਿਣੀ ਏ।
ਮਾਲਕ ਅਟਾਰੀਆਂ ਦੇ ਰੋਲਦੀ ਕਿਹਨੇਂ ਤੋਰੀ ਏਂ ਤੂੰ ਪਾਪਣੇ ਨੀਂ ਤਾੜ ਕੇ।
ਠੰਡ ਪੈ ਗਈ ਹੋਊ ਕਲੇਜੇ ਤੇਰੇ ਬੋਤਲੇ, ਮੈਨੂੰ ਦੇਹਲੀਆਂ ਸ਼ਰੀਕਾਂ ਦੀਆਂ ਚਾੜ੍ਹ ਕੇ।

ਕਿੱਥੇ-ਕਿੱਥੇ ਤੂੰ ਅਡਾਉਣੀਆਂ ਨੇ ਝੋਲੀਆਂ ਆਟਾ ਮੰਗਦੀ ਗੁਆਂਢ 'ਚੋਂ ਤਾਂ ਥੱਕਗੀ।
ਕਿੱਥੋਂ ਲਿਆ ਕੇ ਤੇਰੇ ਭੋਥੇ ਪਾ ਦਈਏ ਕੂੜੇ ਮੋੜਦੀ ਤਾਂ ਹੈਨੀਂ ਬੀਹੀ ਅੱਕਗੀ।
ਦਰ ਦਰ ਦੀ ਬਣਾਤੀ ਮੈਂ ਤਾਂ ਮੰਗਤੀ ਕੀ ਮਿਲੂ ਘਰ ਪੇਕਿਆਂ ਦੇ ਵਾੜ ਕੇ।
ਠੰਡ ਪੈ ਗਈ ਹੋਊ ਕਲੇਜੇ ਤੇਰੇ ਬੋਤਲੇ ਨੀਂ, ਮੈਨੂੰ ਦੇਹਲੀਆਂ ਸ਼ਰੀਕਾਂ ਦੀਆਂ ਚਾੜ੍ਹਕੇ।

ਜਿਹੜੇ ਘਰ 'ਚ ਕੇਰਾਂ ਤੂੰ ਪੈਰ ਰੱਖ ਲੈ ਉਜਾੜੇ ਤੋਂ ਬਿਨਾਂ ਨੀਂ ਖਹਿੜਾ ਛੱਡਦੀ।
ਨਾਲ ਜੋੜੀਆਂ ਵਿਆਹੀ ਮੇਰੇ ਬਾਪ ਨੇ ਕਿਵੇਂ ਦੇਖ ਲੈ ਨੀਂ ਹਾੜ੍ਹੇ ਫਿਰਾਂ ਕੱਢਦੀ।
ਵੇਚ ਕੇ ਨੀਂ ਭਾਂਡੇ ਸਾਰੇ ਖਾ ਗਿਆ, ਲਾਕੇ ਹਿੱਕ ਨਾਲ ਰੱਖਤਾ ਉਜਾੜ ਕੇ।
ਠੰਡ ਪੈ ਗਈ ਹੋਊ ਕਲੇਜੇ ਤੇਰੇ ਬੋਤਲੇ, ਮੈਨੂੰ ਦੇਹਲੀਆਂ ਸ਼ਰੀਕਾਂ ਦੀਆਂ ਚਾੜ੍ਹ ਕੇ।

ਕਰਜ਼ੇ ਦੇ ਵਿੱਚ ਏਨਾ ਗੱਡਤਾ ਸਿਰ ਤੇ ਵੀ ਹੋਣੈ ਓਨੇ ਵਾਲ ਨੀਂ
ਮੇਰੇ 'ਮੰਗਲ' ਦਾ ਮੋੜਦੇ ਪਿਆਰ ਤੂੰ ਗੋਲੀ ਲੱਗ ਕੇ ਜਵਾਕ ਲਊਂ ਪਾਲ ਨੀ
ਭਵਾਨੀਗੜ੍ਹ ਵਿਚੇ ਜਾਨ ਮੇਰੀ ਨਿਕਲੇ, ਜਿੱਥੇ ਦਿੱਤਾ ਸੀ ਪਿਆਲਾ ਡੋਲੀ ਤਾਰ ਕੇ
ਠੰਡ ਪੈ ਗਈ ਹੋਊ ਕਲੇਜੇ ਤੇਰੇ ਬੋਤਲੇ, ਮੈਨੂੰ ਦੇਹਲੀਆਂ ਸ਼ਰੀਕਾਂ ਦੀਆਂ ਚਾੜ੍ਹ ਕੇ

**ਮੰਗਲ ਢਿੱਲੋਂ**
ਚਹਿਲਾਂ ਪੱਤੀ ਭਵਾਨੀਗੜ੍ਹ
(ਸੰਗਰੂਰ) 148026
ਮੋਬਾ: 98146-10028

# ਪੰਜਾਬੀਓ




**ਗੁਰਪ੍ਰੀਤ ਬੀਂਬੜ**


ਸੁਣੋ ਜਵਾਨੋ, ਸੁਣੋ ਰਕਾਨੋ
ਸੋਹਣਿਓ ਬੱਚਿਓ, ਕਦਰਦਾਨੋਂ।
ਲੰਘਿਆ ਵੇਲਾ ਹੱਥ ਨਹੀਂ ਆਉਂਦਾ,
ਜਿੱਦਾਂ ਛੱਡਿਆਂ ਤੀਰ ਕਮਾਨੋਂ।
ਮਨ ਚਿੱਤ ਲਾ ਕੇ ਕਰੋ ਪੜ੍ਹਾਈ
ਪੜ੍ਹ ਲਿਖ ਆਪਣਾ ਮੂਲ ਪਛਾਣੋਂ,
ਮਾਂ ਬਾਪ ਦਾ ਨਾਂ ਚਮਕਾਓ,
ਜਾਓ ਸਕੂਲ ਨੂੰ ਨੱਠੇ,
ਓ ਪੰਜਾਬੀਓ, ਚੱਕ ਦਿਓ ਫੱਟੇ

ਓ ਅੱਜ ਤੱਕ ਯਾਰੋ ਦੇਸ਼ ਮੇਰੇ ਦੀਆਂ
ਰੀਸਾਂ ਕੀਹਨੇ ਕਰੀਆਂ।
ਲੱਕ-ਲੱਕ ਏਥੇ ਹੁੰਦੀਆਂ ਕਣਕਾਂ
ਸਿਰ ਤੋਂ ਉੱਚੀਆਂ ਚਰੀਆਂ।
ਦੇਸ਼ ਮੇਰੇ ਦੀ ਦੇਖ ਤਰੱਕੀ,
ਸਭ ਦੀਆਂ ਨਬਜ਼ਾਂ ਖੜ੍ਹੀਆਂ,
ਤੁਸੀਂ ਕੈਨੇਡਾ ਜਾਣ ਦੀਆਂ ਦੱਸੋ
ਕਾਹਤੋਂ ਜਿੱਦਾਂ ਫੜੀਆਂ।
ਏਥੇ ਕਾਰੋਬਾਰ ਕਰੋ ਕੋਈ,
ਹੋ ਕੇ ਭਾਈ ਕੱਠੇ,
ਓ ਪੰਜਾਬੀਓ.......

ਵੋਟਾਂ ਵੇਲੇ ਪਿੰਡ ਵੜਦੀਆਂ
ਝੰਡੀਆਂ ਵਾਲੀਆਂ ਕਾਰਾਂ।
ਸਭ ਨੂੰ ਹੁਣ ਰੁਜ਼ਗਾਰ ਮਿਲੇਗਾ
ਵਾਅਦੇ ਕਰਨ ਹਜ਼ਾਰਾਂ।
ਰੋਟੀਆਂ ਮੰਗੀਏ, ਸੋਟੀਆਂ ਮਾਰਨ
ਪਿੱਛੋਂ ਸਭ ਸਰਕਾਰਾਂ।
ਟੈਂਕੀਆਂ ਉੱਤੇ ਅੱਗਾਂ ਲਾ ਕੇ
ਦੇਖੀਆਂ ਬੇਰੁਜ਼ਗਾਰਾਂ।
ਹੱਕਾਂ ਖਾਤਿਰ ਲੜਦੇ ਰਹਿਣਾਂ,
ਪੈ ਨਾ ਜਾਇਓ ਮੱਠੇ
ਪੰਜਾਬੀਓ ਚੱਕ ਦਿਓ

ਓ ਰੁਖ ਲਗਾਓ, ਰੁੱਖ ਬਚਾਓ
ਬਣੋ ਸਮੇਂ ਦੇ ਹਾਣੀ।
ਨਾ ਰੇਹਾਂ ਤੇ ਸਪਰੇਹਾਂ ਦੇ ਨਾਲ,
ਜ਼ਹਿਰ ਬਣਾਓ ਪਾਣੀ।
ਕੁੱਖਾਂ ਵਿੱਚ ਨਾ ਕੁੜੀਆਂ ਮਾਰੋ,
ਉਲਝ ਜਾਊਗੀ ਤਾਣੀ।
ਏਸ ਧਰਤੀ ਤੋਂ ਜੀਵਨ ਦੀ,
ਹੋ ਜਾਊ ਖ਼ਤਮ ਕਹਾਣੀ।
ਕੁਦਰਤ ਦੇ ਨਾਲ ਆਹਢਾ ਲਾ ਕੇ,
ਬੇੜੀ ਪਾਓ ਨਾ ਵੱਟੇ।
ਓ ਪੰਜਾਬੀਓ ਓ.......

ਓ ਵਿੱਚ ਬੁਢਾਪੇ ਕੁਝ ਨਹੀਂਓ ਹੋਣਾਂ
ਖੜ-ਖੜ ਕਰਨਾਂ ਹੱਡੀਆਂ
ਜਾਗੋ ਯਾਰ, ਨਸ਼ੇ ਤਿਆਗੋ,
ਮਾਰੋ ਮੱਲਾਂ ਵੱਡੀਆਂ।
ਖੜ੍ਹ-ਖੜ੍ਹ ਦੇਖਣ ਮੁਲਕ ਗੁਆਂਢੀ
ਅੱਖਾਂ ਰਹਿ ਜਾਣ ਅੱਡੀਆਂ।
ਹੱਥਾਂ ਦੀਆਂ ਲਕੀਰਾਂ ਉੱਤੇ
ਕਾਹਤੋਂ ਡੋਰਾਂ ਛੱਡੀਆਂ
ਤੂੰ 'ਪ੍ਰੀਤ ਬੀਂਬੜ' ਮਿਹਨਤ ਕਰਲੈ,
ਹੂੰਦੇ ਸੁਸਤੀ ਦੇ ਫ਼ਲ ਖੱਟੇ
ਓ ਪੰਜਾਬੀਓ.......



# ਪ੍ਰਦੇਸੀ....

ਅਸੀਂ ਪ੍ਰਦੇਸੀ ਸਾਰੇ ਕਰਮਾਂ ਦੇ ਮਾਰੇ।
ਮਰ-ਮਰ ਕੇ ਉਏ ਏਥੇ ਕਰੀਏ ਗੁਜ਼ਾਰੇ।
ਮੇਲਾ ਦੁਨੀਆ ਦਾ ਭੋਰਾ ਵੀ ਨਾ ਫੱਬਦਾ।
ਪਹਿਲਾਂ ਔਖੇ ਵੀਜ਼ੇ ਲੱਗਦੇ, ਪਿੱਛੋਂ ਜੀ ਨਹੀਂ ਵਿਦੇਸ਼ਾਂ ਵਿੱਚ ਲੱਗਦਾ।

ਬੜਾ ਯਾਦ ਆਉਣ ਏਥੇ ਯਾਰਾਂ ਦੀਆਂ ਜੋਟੀਆਂ।
ਸਰ੍ਹੋਂ ਵਾਲਾ ਸਾਗ ਅਤੇ ਮੱਕੀ ਦੀਆਂ ਰੋਟੀਆਂ।
ਖੂਹ ਤੂਤਾਂ ਵਾਲਾ ਦਿਸਦਾ ਨਾ ਵਗਦਾ।
ਪਹਿਲਾਂ ਔਖੇ ਵੀਜ਼ੇ ਲੱਗਦੇ...................।

ਘਰ ਦੀਆਂ ਮੌਜਾਂ ਏਥੇ ਲੱਭਣ ਨਾ ਭਾਲੀਆਂ।
ਰੋ-ਰੋ ਕੇ ਲੰਘਦੀਆਂ ਲੋਹੜੀਆਂ-ਦੀਵਾਲੀਆਂ।
ਦਿਲ ਹਰ ਵੇਲੇ ਪਿੰਡ ਵੱਲ ਭੱਜਦਾ।
ਪਹਿਲਾਂ ਔਖੇ ਵੀਜ਼ੇ ਲੱਗਦੇ...................।

ਰੁਲਗੇ ਵਿਦੇਸ਼ੀਂ ਘਰੇ ਛੱਡ ਸਰਦਾਰੀਆਂ।
ਦਿਨ ਰਾਤ ਕੰਮਾਂ ਵਿੱਚ ਰਹਿਣ ਮੱਤਾਂ ਮਾਰੀਆਂ।
ਏਥੇ ਪਿਆਰ ਦਾ ਕੋਈ ਸੂਰਜ ਨਾ ਮਘਦਾ
ਪਹਿਲਾਂ ਔਖੇ ਵੀਜ਼ੇ ਲੱਗਦੇ...................।

ਦੂਰੋਂ-ਦੂਰੋਂ ਦੋਸਤੋ ਇਹ ਸੋਹਦੀਆਂ ਵਲਾਇਤਾਂ ਨੇ।
'ਬੀਂਬੜ ਪ੍ਰੀਤ' ਦੀਆਂ ਥੋਨੂੰ ਇਹ ਹਦਾਇਤਾਂ ਨੇ।
ਨਾ ਟੱਪਿਓ ਸਮੁੰਦਰ ਇਹ ਅੱਗ ਦਾ।
ਪਹਿਲਾਂ ਔਖੇ ਵੀਜ਼ੇ ਲੱਗਦੇ...................।

# ਸ਼ਰਧਾਂਜਲੀ

ਅੱਜ ਫਿਰ ਕਿਸੇ ਪਰਿਵਾਰ ਦੇ
ਖ਼ੂਨ ਨਾਲ ਰੰਗੀ ਗਈ
ਸੜਕ
ਜਿਹੜੀ ਆਪਣੀ ਖ਼ਸਤਾ ਹਾਲਤ ਤੇ
ਝੂਰ ਰਹੀ, ਪਤਾ ਨਹੀਂ
ਕਾਗਜ਼ਾਂ 'ਚ ਕਿੰਨੀ ਕੁ
ਵਾਰ ਬਣੀ ਸੀ
ਹਾਦਸੇ ਲਈ ਜ਼ਿੰਮੇਵਾਰ ਸਨ
ਵੱਡੇ-ਵੱਡੇ ਟੋਏ
ਜਿਨ੍ਹਾਂ ਦੀ ਲੁੱਕ ਖਾ ਗਿਆ
ਭ੍ਰਿਸ਼ਟ ਨੇਤਾ
ਅੱਜ ਉਹ ਹੀ
ਵੋਟ ਬੈਂਕ ਪੱਕਾ ਕਰਨ ਲਈ
ਭਰੇ ਇਕੱਠ ਵਿੱਚ ਬੋਲ ਗਿਆ
ਚਿੱਟੇ ਕਫ਼ਨਾਂ 'ਚ ਲਿਪਟੇ
ਉਨ੍ਹਾਂ ਬਦਨਸੀਬਾਂ ਲਈ
ਇੱਕ-ਇੱਕ ਲੱਖ
ਇਨਸਾਨੀ ਜ਼ਿੰਦਗੀ ਨਾਲੋਂ
ਕਿੰਨੀ ਥੋੜ੍ਹੀ ਸੀ
ਇਹ ਰਕਮ
ਕਾਸ਼! ਜਨਤਾ ਵਿਚੋਂ ਕੋਈ
ਉਹੀ ਖ਼ੂਨ ਨਾਲ ਲਿਬੜਿਆ
ਪੱਥਰ ਮਾਰਦਾ
ਨੇਤਾ ਦੇ ਸਿਰ 'ਚ
ਕਿੰਨਾਂ ਚੰਗਾ ਹੁੰਦਾ
ਇਹ ਸੱਚੀ ਸ਼ਰਧਾਂਜਲੀ ਹੁੰਦੀ
ਮਰਨ ਵਾਲੇ 'ਬਦਨਸੀਬਾਂ' ਲਈ।



# ਯਾਦ

ਹਾਸੇ ਲੁੱਟ ਕੇ ਲੈ ਗਏ ਜਿਹੜੇ।
'ਭੁੱਲ ਜਾਵੀਂ' ਹੁਣ ਕਹਿ ਗਏ ਜਿਹੜੇ।
ਜਿਹੜੇ ਕਰ ਗਏ ਨੇ ਬਰਬਾਦ।
ਉਨ੍ਹਾਂ ਨੂੰ ਕਿਉਂ ਕਰਦੈਂ.... ਕਿਉਂ ਕਰਦੈ ਦਿਲਾ ਯਾਦ।

ਐਵੇਂ ਝੱਲਿਆਂ ਵਾਗੂੰ ਰੋਹੀਆਂ ਦੇ ਵਿੱਚ ਫਿਰਨ ਦੀਆਂ।
ਸਾਨੂੰ ਸਖਤ ਸਜਾਵਾਂ ਦੇ ਗਏ ਤਾਰੇ ਗਿਣਨ ਦੀਆਂ।
ਸੁਣੀਂ ਇੱਕ ਵੀ ਨਾ ਫਰਿਆਦ।
ਉਨ੍ਹਾਂ ਨੂੰ ਕਿਉਂ ਕਰਦੈਂ.........।

ਸਾਡੇ ਮਹਿਲ ਪਿਆਰ ਦੇ ਜਿੰਨ੍ਹਾਂ ਸ਼ਿਖਰੋਂ ਢਾਏ ਨੇ।
ਸਾਡੀ ਬੇੜੀ ਦੇ ਵਿੱਚ ਜਿੰਨ੍ਹਾਂ ਵੱਟੇ ਪਾਏ ਨੇ।
ਜਿੰਨ੍ਹਾਂ ਤੋੜਿਆ ਏ ਹਰ ਖ਼ਾਬ।
ਉਨ੍ਹਾਂ ਨੂੰ ਕਿਉਂ ਕਰਦੈਂ........।

ਸਾਨੂੰ ਉਮਰਾਂ ਭਰ ਦੇ ਰੋਣੇਂ ਜਿਹੜੇ ਦੇ ਗਏ ਨੇ।
ਸਾਡੀਆਂ ਨੀਂਦਾਂ ਲੁੱਟ ਕੇ ਜਿਹੜੇ ਰਾਹੇ ਪੈ ਗਏ ਨੇ।
ਜਿਹੜੇ ਹੋ ਗਏ ਆਪ ਆਬਾਦ
ਉਨ੍ਹਾਂ ਨੂੰ ਕਿਉਂ ਕਰਦੈਂ........

ਜਿੰਨ੍ਹਾਂ ਹਿਜਰ ਦੀ ਅੱਗ ਵਿੱਚ ਹਰ ਇੱਕ ਰੀਝ ਜਲਾਈ ਐ।
ਜਿੰਨ੍ਹਾਂ 'ਪ੍ਰੀਤ' ਦੀ ਜ਼ਿੰਦਗੀ ਪਤਝੜ ਵਾਂਗ ਬਣਾਈ ਐ।
ਰੋਲ੍ਹਿਆ 'ਬੀਂਬੜ' ਜਿੰਨ੍ਹਾਂ 'ਬੇਤਾਬ'
ਉਨ੍ਹਾਂ ਨੂੰ ਕਿਉਂ ਕਰਦੈਂ.......

# ਪੀੜਾਂ ਦੇ ਪਰਛਾਵੇਂ

ਹੱਥੀਂ ਪੁੱਟ-ਪੁੱਟ ਟੋਏ ਰਾਹਾਂ ਵਿੱਚ ਪਛਤਾ ਰਹੇ ਆਂ।

ਅਸੀਂ ਜਿਉਂਦੇ ਜੀ ਹੀ ਸੱਜਣਾਂ ਮੌਤ ਹੰਢਾ ਰਹੇ ਆਂ।

ਤੇਰੀ ਸਾਂਝ ਏ ਅੱਜ ਕੱਲ੍ਹ ਭਾਵੇਂ ਨਾਲ ਹਨੇਰੀਆਂ ਦੇ,

ਅਸੀਂ ਰਾਹ ਤੇਰੇ ਵਿੱਚ ਫਿਰ ਵੀ ਦੀਪ ਜਲਾ ਰਹੇ ਆਂ।

ਕੋਈ ਹੋਰ ਨਾ ਸੱਸੀ ਪਿਆਸੀ ਮਰ ਜਾਏ ਟਿੱਬਿਆਂ ਵਿਚ,

ਅਸੀਂ ਮਾਰੂਥਲ ਵਿੱਚ ਹੁਣ ਇੱਕ ਝੀਲ ਬਣਾ ਰਹੇ ਆਂ।

ਕਿਤੇ ਸੁੱਕ ਨਾ ਜਾਵੇ ਦਿਲ ਚੋਂ ਬੂਟਾ ਦਰਦਾਂ ਦਾ,

ਅਸੀਂ ਨੈਣਾਂ ਦਾ ਖੂਹ ਗੇੜ ਕੇ ਪਾਣੀ ਪਾ ਰਹੇ ਆਂ।

ਭਾਵੇਂ ਸਾਡਾ ਸੂਰਜ ਬੇਮੁੱਖ ਹੋਇਆ ਸਾਡੇ ਤੋਂ,

ਅਸੀਂ ਧਰਤੀ ਵਾਂਗੂੰ ਤਾਂ ਵੀ ਗੇੜੇ ਖਾ ਰਹੇ ਆਂ।

**ਗੁਰਪ੍ਰੀਤ ਬੀਂਬੜ**
ਪਿੰਡ ਬੀਂਬੜ, ਡਾਕ: ਮਾਝੀ,
ਤਹਿ: ਭਵਾਨੀਗੜ੍ਹ (ਸੰਗਰੂਰ) 148026
ਮੋਬਾ: : 97811-46879
99147-34797





ਪਰਭਾ ਢਾਣੀ ਵਾਲਾ

# ਹਿਜਰ

ਸ਼ਾਹ ਵੀ ਉਸਦੇ ਰਾਹ ਵੀ ਉਸਦੇ
ਜ਼ਿੰਦ ਜਾਨ ਮੇਰੀ ਸਭ ਯਾਰ ਦੀ
ਸਾਰੀ ਰਾਤ ਹਿਜ਼ਰ ਤੇਰੇ ਵਿੱਚ ਜਾਗ ਲੰਘਾਈ
ਕਿੱਥੇ ਮਿਲਦੀ ਦਵਾਈ ਇਸ਼ਕੇ ਦੇ ਬਿਮਾਰ ਦੀ
ਤੇਰੇ ਲਈ ਅਸੀਂ ਇੱਕ ਸਾਲ ਹੋਰ ਲੰਘਾ ਦਿੱਤਾ
ਮੁੱਕਦੀ ਨਹੀਂ ਫੇਰ ਵੀ ਉਡੀਕ ਯਾਰਾ ਤੇਰੇ ਇੰਤਜ਼ਾਰ ਦੀ
ਨਾ ਮਰਿਆ ਜਾਵੇ ਨਾ ਜੀ ਹੁੰਦਾ
ਸਾਨੂੰ ਛੱਡ ਗਏ ਏਨਾਂ ਰਾਹਵਾਂ ਦੇ ਵਿਚਕਾਰ ਦੀ
ਛੱਡੋ ਅੱਜ ਫੂਕੋ ਯਾਦਾਂ ਦੇ ਗੁਡੀਆਂ ਪਟੋਲੇ
ਗੱਲ ਕਰੋ ਸੱਜਣਾਂ ਅੱਜ ਦਿਲ ਦੇ ਕੌਲ ਇਕਰਾਰ ਦੀ
ਅੱਜ ਕੌਣ ਰੋਇਆ ਏ ਮੇਰੀ ਕਬਰ ’ਤੇ ਆ ਕੇ
ਕਿਸ ਲਾਈ ਮਿੱਟੀ ਚੁੱਕ ਕੇ ਮੱਥੇ ਮੇਰੀ ਮਜ਼ਾਰ ਦੀ
ਭੁੱਲ ਤਾਂ ਜਾਵਾਂ ਉਸ ਨੂੰ ਪਰ ਦਿਲ ਕਮਲੇ ਨੂੰ ਕੌਣ ਸਮਝਾਵੇ
ਮੁੱਕਦੀ ਇਕੋ ਗਲ ‘ਪਰਭੇ’ ਬਸ ਏਹੀ ਮਾਰਦੀ

# ਪਹਿਚਾਣ

ਆਪਣੇ ਤੇ ਗੈਰ ਦੀ ਨਾ ਸਾਨੂੰ ਪਹਿਚਾਣ ਸੀ।
ਇਸ਼ਕੇ ਦਿਆਂ ਰਾਹਵਾਂ ਤੋਂ ਅਜੇ ਅਸੀਂ ਅਣਜਾਣ ਸੀ।
ਉਸਨੇ ਮਾਰਿਆਂ ਵੀ ਨਾ ਤੇ ਨਾ ਜਿਉਂਦੇ ਛੱਡਿਆ,
ਪਤਾ ਨਹੀਂ ਸਜ਼ਾ ਦਿੱਤੀ ਜਾਂ ਕੀਤਾ ਅਹਿਸਾਨ ਸੀ।
ਗਮਾਂ ਦੀਆਂ ਸੌਗਾਤਾਂ ਉਧਾਰੀਆਂ ਲੈ ਲੈ ਕੇ,
ਹੰਝੂ ਪਿਲਾ ਪਿਲਾ ਅਸੀਂ ਦੁੱਖ ਕੀਤਾ ਜਵਾਨ ਸੀ।
ਜਿਉਂਦੇ ਤਾਂ ਅੱਜ ਵੀ ਹਾਂ ਤੇਰੇ ਜਾਣ ਮਗਰੋਂ,
ਫੇਰ ਕਹਿਣਾ ਝੂਠ ਬੋਲਦੇ ਸੀ ਕਿ ਉਹ ਸਾਡੀ ਜਾਨ ਸੀ।
ਸਿਆਣੇ ਕਹਿੰਦੇ ਹੰਕਾਰ ਬਰਬਾਦੀ ਦਾ ਕਾਰਨ ਹੁੰਦਾ,
ਬਰਬਾਦ ਤਾਂ ਹੋਣਾ ਹੀ ਸੀ ਸਾਨੂੰ ਆਪਣੀ ਯਾਰੀ ਤੇ ਮਾਣ ਸੀ।
ਇਸ਼ਕੇ ਬਾਜ਼ਾਰ 'ਚ ਕਹਿਦੇ ਸੌਦਾ ਮਹਿੰਗਾ ਵਿਕਦਾ,
ਨਾ ਪੁੱਛੋ ਕੀ ਭਾਅ ਵਿਕਦੀ ਮੇਰੇ ਹੋਠਾਂ ਦੀ ਮੁਸਕਾਨ ਸੀ।
ਕਿਸਨੂੰ ਦੱਸਦੇ ਤੇ ਕਿਸਨੂੰ ਵਿਖਾਉਂਦੇ ਜ਼ਖ਼ਮ ਦਿਲ ਦੇ,
ਕਿੱਦਾਂ ਦੱਸਦੇ ਏ ਇਸ਼ਕੇ ਦੀਆਂ ਚੋਟਾਂ ਦੇ ਨਿਸ਼ਾਨ ਸੀ।
ਮਾਰ ਕੇ ਤਾੜੀ ਜੋ ਸੀ ਸਾਡੀ ਬਰਬਾਦੀ ਤੇ ਹੱਸਦੇ,
ਚੱਲੋ ਜੋ ਵੀ ਸੀ ਸਾਡੇ ਲਈ ਭਗਵਾਨ ਸੀ।



# ਕੋਈ ਗੀਤ

ਬਸ ਕਾਗਜ਼ ਕਾਲੇ ਕਰ ਲਈ ਦੇ ਨੇ ਸੱਜਣਾ।
ਕੋਈ ਦਿਲ ਨੂੰ ਛੂਹੇ ਅਜੇ ਐਸਾ ਗੀਤ ਕੋਈ ਬਣਾਇਆ ਨਹੀਂ।
ਉਹ ਮਸ਼ਹੂਰ ਤਾਂ ਬਹੁਤ ਸੀ ਦਿਲ ਤੋੜਨ ਲਈ,
ਪਰ ਕੋਈ ਦਰਦ ਭਰਿਆ ਗੀਤ ਉਸ ਨੇ ਲਿਖਾਇਆ ਨਹੀਂ।
ਪਤਾ ਨਹੀਂ ਸਜ਼ਾ ਦਿੱਤੀ ਉਸ ਨੇ ਜਾਂ ਰਹਿਮਤ ਕੀਤੀ,
ਸਾਨੂੰ ਜਿਉਂਦੇ ਛੱਡ ਗਈ ਜਾਨੋਂ ਮਾਰ ਮੁਕਾਇਆ ਨਹੀਂ।
ਇਲਜ਼ਾਮ ਭੁਲਾ ਕੀਤਾ ਸਾਨੂੰ ਮਾਫ਼ ਮੈਨੂੰ ਮੇਰੇ ਦੁਸ਼ਮਣਾਂ ਨੇ,
ਇੱਕ ਆਸਰਾ ਹੋ ਗਿਆ ਤਾਂ ਹੀ ਉਨ੍ਹਾਂ ਨੇ ਸਤਾਇਆ ਨਹੀਂ।
ਇਹ ਇਲਜ਼ਾਮ ਤੇਰਾ ਠੀਕ ਏ ਮੈਂ ਤੇਰੇ ਨਾਮ ਦੇ ਗੀਤ ਬਣਾਉਂਦਾ ਹਾਂ,
ਪਰ ਇਹ ਝੂਠ ਹੈ ਸ਼ਰੇਆਮ ਤਾਂ ਤੇਰਾ ਨਾਮ ਮੈਂ ਸੁਣਾਇਆ ਨਹੀਂ।
ਉਹ ਸਾਡੇ ਵੀ ਨਾ ਬਣ ਸਕੇ ਸਾਨੂੰ ਕਿਸੇ ਹੋਰ ਜੋਗਾ ਛੱਡਿਆ ਨਹੀਂ,
ਉਸ ਬਾਝੋ ਗੀਤਾਂ ਤੋਂ ਬਗੈਰ ਕਿਸੇ ਨੂੰ ਗਲ ਲਾਇਆ ਨਹੀਂ।
ਬਾਲਿਆ ਸੀ ਜੋ ਦਿਲ 'ਪਰਭੇ' ਨੇ ਤੇਰੀਆਂ ਰਾਹਵਾਂ ਰੁਸ਼ਨਾਉਣ ਲਈ,
ਉਹ ਅੱਜ ਵੀ ਬਲਦਾ ਏ ਅਜੇ ਤੀਕ ਮੈਂ ਬੁਝਾਇਆ ਨਹੀਂ।

# ਸਾਕੀ

ਅਸੀਂ ਤਾਂ ਕਾਲੀਆਂ ਰਾਤਾਂ ਦੇ ਸਾਕੀ ਹਾਂ
ਅਸੀਂ ਤੁਰ ਜਾਣਾ ਮੂੰਹ ਹਨੇਰੇ
ਮੁੜਕੇ ਅਸੀਂ ਲੱਭਣਾ ਨਹੀਂ
ਚਾਨਣੀਆਂ ਦੇ ਸਾਕੀਆਂ ਨੇ ਭਾਲਣਾ ਸਵੇਰੇ
ਸਾਡੇ ਚਾਹਵਾਂ ਦੇ ਸੱਜਣਾਂ ਕਾਂਗ ਗੂੰਗੇ ਨੇ
ਕਦੀ ਵੀ ਬੋਲਣਾ ਨੀ ਬਹਿ ਤਕਦੀਰ ਦੇ ਬਨੇਰੇ
ਅਸੀਂ ਤਾਂ ਤੇਰਾ ਸਾਥ ਉਮਰਾਂ ਤੱਕ ਚਾਹੁੰਦੇ ਸਾਂ
ਤੇਰੇ ਇਸ਼ਕੇ ਦੇ ਪੰਧ ਸਨ ਉਮਰਾਂ ਤੋਂ ਲੰਮੇਰੇ
ਸਾਡੇ ਕੋਲ ਤਾਂ ਕੁੱਝ ਵੀ ਨਹੀਂ ਜੋ ਕੁੱਝ ਹੈ ਸਭ ਤੇਰਾ
ਅਸੀਂ ਤਾਂ ਜੋ ਲੈ ਕੇ ਆਏ ਸੀ ਉਹ ਸਾਹ ਵੀ ਸੀ ਤੇਰੇ
ਤੁਰ ਜਾਣ ਜੋ ਜਹਾਨੋਂ ਉਹ ਮੁੜਦੇ ਕਦੀ ਨਹੀਂ
ਆਖੋ ਉਸ ਨੂੰ ਹੁਣ ਸਾਡੀ ਕਬਰ ਤੇ ਹੰਝੂ ਨਾ ਕੇਰੇ
ਸੱਚ ਸੀ ਯਾਰਾ ਇਸ਼ਕੇ ਦੇ ਬੂਟੇ ਦੇ ਫੁੱਲ ਤਾਂ ਲੱਗਦੇ ਫਲ ਨਹੀਂ
ਫੇਰ ਵੀ ਅਸੀਂ ਦਿਲ ਦੇ ਆਖੇ ਲੱਗ ਲਾ ਬੈਠੇ ਆਪਣੇ ਵਿਹੜੇ
ਉਸ ਨੂੰ ਆਖੋ ਖੇਚਲ ਨਾ ਕਰੇ ਦੀਵਿਆਂ 'ਚ ਤੇਲ ਪਾਉਣ ਦੀ
ਸਦਾ ਦਿਲ ਹੀ ਬਲਦੇ ਨੇ ਆਸ਼ਕਾਂ ਦੇ ਡੇਰੇ
'ਪਰਭੇ' ਨੂੰ ਹੁਣ ਲੋਕੀਂ ਸਾਰੇ ਕਾਫ਼ਰ ਆਖਦੇ ਨੇ
ਤੇਰੇ ਇਸ਼ਕ 'ਚ ਹੋਏ ਅੰਨ੍ਹਿਆਂ ਤੋਂ ਹੋਏ ਸੀ ਜ਼ੁਲਮ ਬਥੇਰੇ



# ਪੀੜਾਂ

ਮੇਰੇ ਹੱਥ 'ਚੋਂ ਹੱਥ ਛਡਾ ਕੇ ਕਲਮ ਫੜਾ ਗਈ
ਕਹਿੰਦੀ ਨਾ ਜ਼ਿਕਰ ਕਰੀ ਮੇਰਾ ਗੀਤਾਂ 'ਚ ਕਸਮ ਖਵਾ ਗਈ
ਕਹਿੰਦੀ ਦਰਦਾਂ ਦੇ ਬਨੇਰੇ ਹੁਣ ਯਾਦਾਂ ਦੇ ਦੀਵੇ ਨਾ ਬਾਲੀ
ਆਸਾਂ ਦੇ ਦੀਵੇ ਸਦਾ ਲਈ ਬੁਝਾ ਗਈ
ਤਾਹੀ ਤਾਂ ਮੇਰੇ ਗੀਤ ਵੀ ਖਾਮੋਸ਼ ਜਿਹੇ ਨੇ
ਮੇਰੇ ਗੀਤਾਂ ਨੂੰ ਆਪਣੀ ਔਕਾਤ 'ਚ ਰਹਿਣਾ ਸਿਖਾ ਗਈ
ਉਸ ਦਾ ਆਸ਼ਕ ਸਾਂ ਤਾਹੀ ਸਜ਼ਾ ਮਿਲੀ ਮੈਨੂੰ
ਮੈਨੂੰ ਮੁਜ਼ਰਮ ਦਸਕੇ ਗਵਾਹੀ ਹੋਰ ਦੇ ਹੱਕ 'ਚ ਸੁਣਾ ਗਈ
ਲਿਖਦੇ ਹਾਂ ਇਸ ਲਈ ਕਿ ਮੇਰੇ ਗੀਤ ਮੇਰੀ ਲਾਸ਼ ਢੱਕ ਲੈਣ
ਕਹਿਕੇ ਕਫ਼ਨ ਵੀ ਨਾ ਨਸੀਬ ਹੋਵੇ ਰੋਗ ਜਿਹੜਾ ਸਾਨੂੰ ਲਾ ਗਈ
ਨਾ ਸਾਨੂੰ ਇਸ਼ਕੇ ਦੀ ਕਚਹਿਰੀ 'ਚੋਂ ਬਰੀ ਕੀਤਾ ਨਾ ਸਜ਼ਾ ਏ ਮੌਤ ਸੁਣਾ ਗਈ
ਮਰ ਵੀ ਨਾ ਹੁੰਦਾ ਨਾ ਜੀ ਹੁੰਦਾ ਪਤਾ ਨਹੀਂ ਦੇ ਕਿਹੜੀ ਸਜਾ ਗਈ
ਜਿਉਂਦੇ ਤਾਂ ਹਾਂ ਪਰ ਸਾਂਹ ਚੱਲਣ ਨੂੰ ਜਿਉਣਾ ਨਹੀਂ ਕਹਿੰਦੇ
ਉਸ ਦਿਨ ਤੋਂ ਮੋਇਆਂ 'ਚ ਹੋਏ ਜਿਸ ਦਿਨ ਤੋਂ ਉਹ ਹੋ ਜੁਦਾ ਗਈ
ਉਸ ਦਿਨ ਤੋਂ ਢਾਣੀ ਵਾਲੇ ਨੂੰ ਲੋਕੀਂ ਲੇਖਕ ਕਹਿਣ ਲੱਗ ਗਏ
ਉਸ ਦੀ ਯਾਦ ਚੰਦਰੀ ਦੋ ਚਾਰ ਗੀਤ ਕੀ ਲਿਖਵਾਂ ਗਈ
ਬੀਤ ਜਾਣੀ ਜ਼ਿੰਦਗੀ 'ਪਰਭੇ' ਕੋਈ ਮਰਦਾ ਨਹੀਂ ਇੰਝ ਆਸ਼ਕ
ਪਰ ਜ਼ਿੰਦਗੀ ਤਾਂ ਉਹੀ ਜੋ ਨਾਲ ਉਹਦੇ ਬੀਤ ਗਈ

**ਪਰਭਾ ਢਾਣੀ ਵਾਲਾ**
ਪਿੰਡ ਤੇ ਡਾਕ: ਢਾਣੀ
ਤਹਿਸੀਲ ਸ੍ਰੀ ਗੰਗਾਨਗਰ (ਰਾਜਸਥਾਨ)-335705
ਮੋਬਾ: 08955060992



**ਰਮਨਪ੍ਰੀਤ ਕੌਰ**

## ਸੁਪਨੇ ਦਾ ਟੋਟਾ

ਤੇਰੀ ਰੂਹ ਤੋਂ ਮੇਰੀ ਰੂਹ ਤੱਕ,
ਅੰਦਰੋ-ਅੰਦਰ ਰਾਹ ਵੱਗਦਾ ਹੈ।
ਮੇਰੇ ਮਨ ਵਿਚ ਤੂੰ ਵੱਸਦਾ ਏਂ,
ਤਾਂ ਹੀ ਮੇਰਾ ਸਾਹ ਵੱਗਦਾ ਹੈ।

ਮਨ ਦੀ ਰੁੱਤੇ ਮੀਲਾਂ ਤੀਕਰ,
ਅੰਬਰ ਉੱਤੇ ਗਹਿਰ ਚੜ੍ਹੀ ਹੈ।
ਫਿਰ ਵੀ ਅੰਦਰ ਇਕ ਮੰਮਟੀ ਤੇ,
ਦੀਵਾ ਇਕ ਬੇਵਾਹ ਜੱਗਦਾ ਹੈ।

ਸੱਧਰਾਂ ਸਨ ਜੋ ਤੰਦ ਪਰੋਏ,
ਦਮ ਘੁੱਟ ਕੇ ਉਹ ਸੁਪਨੇ ਮੋਏ।
ਅੱਜ ਵੀ ਇਕ ਸੁਪਨੇ ਦਾ ਟੋਟਾ,
ਭੁੱਬਲ ਥੱਲੇ ਪਿਆ ਮੱਘਦਾ ਹੈ।

ਮੈਂ ਚਾਨਣ ਦੀਆਂ ਚੁੱਪ-ਚੁਪੀਤੇ,
ਚਿਣਗਾਂ ਕੱਠੀਆਂ ਕਰਦੀ ਹਾਂ।
ਦਿਨ ਚੜ੍ਹਿਆ ਹੈ ਫ਼ਿਰ ਵੀ ਮੈਨੂੰ,
ਚਾਰ-ਚੁਫ਼ੇਰਾ ਸਿਆਹ ਲੱਗਦਾ ਹੈ।

ਮੈਂ ਚਾਨਣ ਨੂੰ ਟੋਹ ਕੇ ਛੋਹ ਕੇ,
ਪੋਟਿਆ ਦੇ ਨਾਲ ਪਰਖ ਰਹੀ।
ਹੱਥਾਂ ਦੇ ਨਾਲ ਛੂਹ ਕੇ ਕਿੱਥੋਂ,
ਇਸ ਦਾ ਕੋਈ ਥਾਹ ਲੱਭਦਾ ਹੈ।



## ਸਰਹੱਦਾਂ

ਕੁਝ ਸਰਹੱਦਾਂ ਨੇ ਧਰਤੀ ਤੇ
ਕੁਝ ਹੱਦਾਂ ਨੇ ਮਨ ਵਿਚ ਵਾਹੀਆਂ
ਆਪੋ ਆਪਣੀ ਵਲ਼ਗਣ ਅੰਦਰ
ਆਪੇ ਹੀ ਗਲ਼ ਫਾਹੀਆਂ ਪਈਆਂ

ਧਰਤੀ ਨੂੰ ਪਿਆ ਸੌੜਾ ਕੀਤਾ
ਕੁਝ ਹੱਦਾਂ ਕੁਝ ਬੰਨੇ ਮਿਥ ਕੇ
ਹਵਾਵਾਂ ਨੂੰ ਜਾ ਗੰਢਾਂ ਦਿੱਤੀਆਂ
ਅੰਬਰ ਵੀ ਮੁੜ ਆਇਉਂ ਜਿੱਤ ਕੇ

ਕਿਉਂ ਨਾ ਕੋਈ ਕਰੂੰਬਲ ਫੁੱਟੇ
ਮਨ ਦੀ ਧਰਤੀ ਬੰਜਰ ਹੋਈ
ਬਾਹਰੋਂ ਹੀ ਹੈਂ ਹਰਿਆ ਭਰਿਆ
ਅੰਦਰ ਤਾਂ ਉਂਝ ਸੁੰਨੀ ਰੋਹੀ

ਨਿੱਤ ਤੂੰ ਘਰ ਨੂੰ ਨਿੱਘਾ ਕਰਦੈਂ
ਮਨ ਵਿਚ ਫ਼ਿਰ ਵੀ ਕੱਕਰ ਪਾਲੇ
ਦਿਲ ਦੀ ਗੱਲ ਵੀ ਕਰਨੀ ਚਾਹੇ
ਪਰ ਹੋਠਾਂ ਤੋਂ ਨਾ ਖੁੱਲ੍ਹਣ ਤਾਲ਼ੇ

ਆਪਣੇ ਆਪੇ ਕੋਲੋਂ ਹਰੇਕ
ਦੁਨੀਆਂ ਜਿੱਤਣ ਤੁਰੇ ਸਿਕੰਦਰ
ਉੱਚੇ-ਉੱਚੇ ਬਿਗਲ ਵਜਾਵੇ
ਗੂੰਗਾ ਪਰ ਜੋ ਆਪਣੇ ਅੰਦਰ

# ਦੀਵੇ ਦੀ ਲੋਅ

ਨੈਣੀਂ ਮੇਰੇ ਚਾਨਣ ਉਹਦਾ
ਤੇ ਸਾਹਾਂ 'ਚ ਖ਼ੁਸ਼ਬੋ
ਹੁਣ ਤੱਕ ਮੈਨੂੰ ਰੌਸ਼ਨ ਕੀਤਾ
ਜਿਸ ਦੀਵੇ ਦੀ ਲੋਅ

ਚਾਨਣ ਮੇਰਾ ਸੰਗੀ ਹੋਇਆ
ਮੈਂ ਧੁੱਪਾਂ ਨੇ ਰੰਗੀ ਵੇ
ਚੀਰ ਸਮੁੰਦਰ ਆਣ ਮਿਲਾਂ
ਮੈਂ ਸੁਹਬਤ ਤੇਰੀ ਮੰਗੀ ਵੇ

ਤੇਰੇ ਕੋਲੋਂ ਲੱਭ ਪਏ ਨੇ
ਜੋ ਗੀਤ ਗਵਾਚੇ ਮੇਰੇ ਵੇ
ਅੱਖਰ ਅੱਖਰ ਹੋ ਕੇ ਖਿੱਲਰੇ
ਜੋ ਨਾ ਮੇਰੇ ਨਾ ਤੇਰੇ ਵੇ

ਹੱਥੀਂ ਮੇਰੇ ਅੱਟਣ ਜੋ ਸਨ
ਤੇ ਪੈਰਾਂ ਵਿਚ ਛਾਲੇ ਵੇ
ਕਿੰਨੇ ਬੱਦਲ ਚੜ੍ਹ ਚੜ੍ਹ ਆਏ
ਯਾਦ ਤੇਰੀ ਨੇ ਟਾਲੇ ਵੇ

ਉੱਚਾ ਲੰਮਾ ਬਿਰਖ ਤੂੰ ਕੋਈ
ਮੈਂ ਜਿਹਦੀ ਛਾਵੇਂ ਬਹਿਣਾ ਵੇ
ਨੈਣਾਂ ਵਿਚੋਂ ਦਰਦ ਪੜ੍ਹੀਂ
ਮੈਂ ਮੂੰਹੋਂ ਕੁਝ ਨਾ ਕਹਿਣਾ ਵੇ



# ਮਨ ਦੀ ਧਰਤੀ

ਨੀ ਮਨ ਦੀਏ ਧਰਤ ਸੁਹਾਵੀਏ
ਇਹ ਕੇਹਾ ਬੱਦਲ ਵਰ੍ਹਿਆ ਨੀ
ਕਿਤੋਂ ਸੀਤਲ ਪੌਣਾਂ ਆ ਵਗੀਆਂ
ਤੇ ਤਪਦਾ ਹਿਰਦਾ ਠਰਿਆ ਨੀ

ਇਕ ਪਿਆਸ ਜੋ ਉਸ ਜਗਾਈ ਸੀ
ਉਹਦੇ ਬੋਲਾਂ ਦੀ ਤਿਰਹਾਈ ਸਾਂ
ਅੱਜ ਮੁੱਦਤ ਪਿੱਛੋਂ ਮੁੱਖ ਉਹਨੇ
ਫ਼ਿਰ ਮੇਰੇ ਦਰ ਵੱਲ ਕਰਿਆ ਨੀ

ਇਸ ਜਿੰਦ ਦੇ ਸ਼ੌਕ ਨਾ ਮਹਿੰਗੇ ਸੀ
ਦੋ ਬੋਲਾਂ ਦੇ ਨਾਲ਼ ਖਿੜ ਜਾਂਦੀ
ਖ਼ੁਸ਼ੀਆਂ ਦਾ ਉਸ ਛੱਜ ਭਰ ਕੇ
ਮੇਰੀ ਝੋਲੀ ਵਿਚ ਆ ਧਰਿਆ ਨੀ

ਜਿੰਦ ਗੁਜ਼ਰੀ ਤਪਦੇ ਥਲ਼ ਵਿਚੋਂ
ਇਹਨੂੰ ਲੂਹਿਆ ਤੱਤੀਆਂ ਲੂਆਂ ਨੇ
ਸੀ ਸਿਰ ਤੇ ਉੱਤੋਂ ਅੱਗ ਵਰ੍ਹਦੀ
ਤੇ ਤੱਤਾ ਰੇਤਾ ਜਰਿਆ ਨੀ

ਮੈਂ ਅੰਦਰੋਂ ਅੰਦਰੀਂ ਡਰਦੀ ਹਾਂ
ਇਹ ਬੱਦਲ ਸਿਰ ਤੋਂ ਲੰਘ ਜਾਣਾ
ਜਿਸ ਤਪਦਾ ਸੂਰਜ ਆ ਢਕਿਆ
ਕਿਉਂ ਵਾਅਵਾਂ ਕੋਲੋਂ ਹਰਿਆ ਨੀ

## ਪਰਵਾਸ

ਮੱਥੇ ਦੇ ਵਿਚ ਸੁਲ਼ਗ ਕੇ ਸੁਪਨੇ ਸੌਂ ਚੱਲੇ
ਇਸ ਭਟਕਣ ਨੂੰ ਮੈਂ ਕਿੰਞ ਅਰਾਮ ਦਿਆਂ
ਆਪਣੇ ਪੈਰਾਂ ਹੇਠਾਂ ਧਰਤੀ ਟੋਲ ਰਹੇ
ਜੜ੍ਹ ਤੋਂ ਟੁੱਟੇ ਬਿਰਖਾਂ ਨੂੰ ਕੀ ਨਾਮ ਦਿਆਂ

ਦੇਹਲ਼ੀ ਉੱਤੇ ਅੰਦਰ ਬਾਹਰ ਬੈਠੇ ਨੇ
ਛੱਡ ਪਿੰਡਾਂ ਨੂੰ ਬਣ ਪਰਵਾਸੀ ਆਏ ਉਹ
ਜਗਤ ਛਲਾਵਾ ਰੱਜ ਰੱਜ ਕੇ ਮਾਣ ਰਹੇ
ਰੂਹਾਂ ਤੋਂ ਪਰ ਫ਼ਿਰਦੇ ਨੇ ਤਿਰਹਾਏ ਉਹ

ਬੰਦ ਘਰਾਂ ਦਾ ਨ੍ਹੇਰਾ ਸਾਂਭੀ ਬੈਠੇ ਨੇ
ਰੋਸ਼ਨੀਆਂ ਦੇ ਰੰਗਾਂ ਵਿਚ ਨਹਾਏ ਨੇ
ਠੰਡੇ-ਤੱਤੇ ਉਸੇ ਦੇ ਪਰ ਸਾਹ ਸੁਣਦੇ
ਜਿਹੜੀ ਮਿੱਟੀ ਦੇ ਵਿਚ ਜੰਮੇ ਜਾਏ ਨੇ

ਵੱਸਦੇ ਰਸਦੇ ਵਿਹੜੇ ਪਿੱਛੇ ਛੱਡ ਆਏ
ਸਾਂਭੇ ਉਹਨਾਂ ਕਾਗਜ਼ ਦੇ ਸਿਰਨਾਵੇਂ ਨੇ
ਸੁਪਨੇ ਦੇ ਵਿਚ ਕਦੇ ਕਦਾਈਂ ਤੱਕ ਲੈਂਦੇ
ਖੇਡੇ ਹੇਠਾਂ ਜਿਹੜੇ ਨਿੰਮ ਦੀ ਛਾਵੇਂ ਨੇ

ਗੁਜ਼ਰੇ ਵੇਲ਼ੇ 'ਵਾਜਾਂ ਮਾਰ ਬੁਲਾਉਂਦੇ ਨੇ
ਆਪਾਂ ਟੋਲਣ ਜਦ ਵੀ ਮੁੜਦੇ ਪਿੰਡਾਂ ਨੂੰ
ਸੈਆਂ ਵਾਰੀ ਭਰ ਭਰ ਖਾਲੀ ਹੋ ਤੁਰੀਆਂ
ਮੁੱਦਤ ਮਗਰੋਂ ਲੱਭਦੇ ਉਹਨਾਂ ਟਿੰਡਾਂ ਨੂੰ

**-ਰਮਨਪ੍ਰੀਤ ਕੌਰ**
12 ਕਿਟਸਨ ਐਵਨਿਊ ਰਿਚਮੰਡ, ਸਾਊਥ ਆਸਟ੍ਰੇਲੀਆ
ਪੋਸਟ ਕੋਡ : 5033
e-mail : ramanpreetkaur@yahoo.com





**ਰਣਜੀਤ ਕੌਰ ਸਵੀ**

## ਇਜ਼ਹਾਰ

ਸੋਚਦੀ ਹਾਂ ਕਿ ਤੈਨੂੰ ਪਿਆਰ ਕਰਾਂ ਕੇ ਨਾ ਕਰਾਂ,
ਭੁੱਲ ਕਰਦੀ ਹਾਂ ਤੈਨੂੰ ਆਪਣਾ ਕਹਿਣ ਦੀ,
ਸੋਚਦੀ ਹਾਂ ਫਿਰ ਇਜ਼ਹਾਰ ਕਰਾਂ ਕੇ ਨਾਂ ਕਰਾਂ,
ਦਿਲ ਕਹਿੰਦਾ ਹੈ, ਤੂੰ ਮੇਰਾ, ਹੈ ਵੀ ਤੇ ਮੇਰਾ ਹੈ ਵੀ ਨਹੀਂ,
ਕੇ ਹੁਣ ਦਿਲ ਤੇ ਇਤਬਾਰ ਕਰਾਂ ਕੇ ਨਾ ਕਰਾਂ!!

ਉਂਞ ਤਾਂ ਮੇਰੀਆਂ ਦਿਲ ਦੀ ਤਹਿਆਂ ਤੱਕ ਫੋਲ ਦਿੰਦਾ
ਫਿਰ ਸੋਚਦੀ ਹਾਂ ਇਹ ਦਰਦਾਂ ਤੇ ਬਿਰਹੋਂ ਦਾ ਵਪਾਰ ਕਰਾਂ ਕੇ ਨਾਂ ਕਰਾਂ,
ਪਹਿਲਾ ਵੇਖਿਆ ਹੈ ਬਹੁਤ ਦਰਦ, ਤੜਫ਼ ਤੇ ਮਜ਼ਬੂਰੀ ਇਸ ਵਿਚੋਂ,
ਕਦੇ ਦਿਲ ਕਰਦਾ ਹੈ ਕਿ ਇਸ ਤੜਫ਼ ਨੂੰ ਅਲਵਿਦਾ ਕਹਿ ਦੇਵਾਂ,
ਫਿਰ ਸੋਚਦੀ ਹਾਂ ਇਨਕਾਰ ਕਰਾਂ ਕੇ ਨਾ ਕਰਾਂ!!

ਹੈ ਤਾਂ ਦਰਦ, ਤੜਫ਼, ਜੁਦਾਈ ਤੇ ਹੰਝੂਆਂ ਦੀ ਇੱਕ ਤਿੱਖੀ ਤਲਵਾਰ ਵੀ,
ਫਿਰ ਸੋਚਦੀ ਹਾਂ 'ਸਵੀ' ਇਜ਼ਹਾਰ ਇੱਕ ਵਾਰ ਫਿਰ ਕਰਾਂ ਕੇ ਨਾਂ ਕਰਾਂ,
ਹੁਣ ਮੈਂ ਸੋਚਦੀ ਹਾਂ ਤੈਨੂੰ ਪਿਆਰ ਕਰਾਂ ਕਿ ਨਾ ਕਰਾਂ!!

# ਮੌਤ ਦਾ ਸੱਦਾ

ਚਲਦੇ-ਚਲਦੇ ਰਾਹ ਤੇ ਸਾਹ ਇੱਕ ਦਿਨ ਮੁੱਕ ਜਾਣੇ ਨੇ,
ਕੁੱਝ ਵੀ ਨਹੀਂ ਲੱਭਣਾ ਬੰਦਿਆਂ ਦਿਨ ਮੁੱਕ ਜਾਣੇ ਨੇ,
ਗਿਣੀ ਚੁਣੀ ਜ਼ਿੰਦਗੀ ਮਿਲੀ ਏ,
ਖ਼ੁਸ਼ੀਆਂ ਨਾਲ ਕੱਟ ਲਵੋ,
ਫਿਰ ਮੌਤ ਨੇ ਕਦੋਂ ਬੂਹਾ ਖੜਕਾ ਦੇਣਾ ਏ,
ਦਿਨ ਮੁੱਕ ਜਾਣੇ ਨੇ!!

ਕੋਈ ਨਹੀਂ ਇਸ ਦੁਨੀਆਂ ਵਿਚ ਤੇਰਾ,
ਸਭ ਨੂੰ ਆਪਣਾ-ਆਪਣਾ ਹੈ ਬੰਦਿਆਂ ਦਿਨ ਮੁੱਕ ਜਾਣੇ ਨੇ,
ਵੰਡ ਸਕਦੇ ਹੋ ਤਾਂ ਖ਼ੁਸ਼ੀਆਂ ਵੰਡੋ,
ਫਿਰ ਮੌਤ ਨੇ ਕਦੋਂ ਬੂਹਾ ਖੜਕਾ ਦੇਣਾ ਏ,
ਦਿਨ ਮੁੱਕ ਜਾਣੇ ਨੇ!!

ਇਸ ਦੁਨੀਆਂ ਦੀਆਂ ਖ਼ੁਆਇਸ਼ਾਂ ਬਹੁਤ ਨੇ ਯਾਰੋਂ
ਮਰਨ ਤੋਂ ਬਾਅਦ ਵੀ ਜੋ ਪੂਰੀਆਂ ਹੋ ਨਹੀਂ ਸਕਦੀਆਂ,
ਬੰਦਿਆਂ ਦਿਨ ਮੁੱਕ ਜਾਣੇ ਨੇ,
ਬਣ ਸਕਦੇ ਹੋ ਤਾਂ ਸਹਾਰਾ ਬਣੋ,
ਫਿਰ ਮੌਤ ਨੇ ਕਦੋਂ 'ਸਵੀ' ਬੂਹਾ ਖੜ੍ਹਕਾ ਦੇਣਾ ਏ,
ਦਿਨ ਮੁੱਕ ਜਾਣੇ ਨੇ!!

ਚਲਦੇ-ਚਲਦੇ ਰਾਹ ਤੇ ਸਾਹ ਇੱਕ ਦਿਨ ਮੁੱਕ ਜਾਣੇ ਨੇ,
ਦਿਨ ਇੱਕ ਦਿਨ ਮੁੱਕ ਜਾਣੇ ਨੇ!!



# ਪਿਆਰ ਦੀ ਤਲਾਸ਼

ਮੈਂ ਮੰਗਦੀ ਹਾਂ ਮਾਫ਼ੀ ਤੇਰੇ ਤੋਂ
ਜੇ ਕਰਿਆਂ ਜਾਏ ਤਾਂ ਕਰ ਦੀ ਮਾਫ਼,
ਮੈਂ ਕਰਦੀ ਹਾਂ ਭੁੱਲ ਤੈਨੂੰ ਆਪਣਾ ਕਹਿਣ ਦੀ
ਤੂੰ ਹੈ ਵੀ ਮੇਰਾ ਤੇ ਹੈ ਵੀ ਨਹੀਂ।
ਫਿਰ ਵੀ ਕਿਉਂ ਦਿਲ ਦੀਆਂ ਤਹਿਆਂ ਤੱਕ ਫੋਲ ਦਿੰਦਾ ਹੈਂ
ਹਰ ਚੀਜ਼ ਮਿਲ ਜਾਂਦੀ ਇਸ ਦੁਨੀਆਂ ਵਿਚ,
ਪਰ ਮਿਲ ਨਾ ਸਕੇ ਪਿਆਰ ਸੱਚਾ।
ਲੱਭ-ਲੱਭ ਕੇ ਥੱਕ-ਥੱਕ ਕੇ ਜੇ ਮਿਲ ਵੀ ਜਾਵੇ ਤਾਂ ਵੀ ਮੁਕੰਮਲ ਨਹੀਂ,
ਤੇ ਕਦੇ ਮਿਲੇ ਨਾ ਸੁੱਖ ਇਸ ਵਿਚੋਂ,
ਹਰ ਪਾਸੇ ਦਰਦ, ਤੜਫ਼ ਤੇ ਮਜਬੂਰੀ।
ਫਿਰ ਕਿਉਂ ਚਾਹਾਂ ਮੈਂ ਦਰਦ ਲੈਣਾ ਪਰ ਇਸ ਵਿਚੋਂ,
ਇਕ ਮਿੱਠਾ ਜਿਹਾ ਅਹਿਸਾਸ ਵੀ ਤਾਂ ਆਵੇਂ!
ਤੇਰੇ ਲਈ ਜੀ ਜਾਣਾ ਤੇ ਮਰ ਜਾਣਾ,
ਪਰ ਕਿਸੇ ਨੂੰ ਵੀ ਨਾ ਲੱਗੇ ਪਤਾ,
ਕੀ ਚਾਹੁੰਦੀ ਹਾਂ ਤੇ ਕੀ ਨਹੀਂ
ਸੋਹਣੇ ਯਾਰ, ਪਿਆਰ ਦੀ ਤਲਾਸ਼ ਤਾਂ ਪੂਰੀ ਹੈ,
ਪਰ ਪਾ ਸਕਣਾ ਮੁਮਕਿਨ ਵੀ ਨਹੀਂ।
ਦਿਲ ਵਿਚ ਉੱਠਦਾ ਜਦੋਂ ਇੱਕ ਖ਼ਿਆਲ ਤੇਰਾ,
ਲਿਖ ਦੇਣਾ ਉਹੀ ਜੋ 'ਸਵੀ' ਕਰੇ ਮਹਿਸੂਸ ਤੇਰੇ ਲਈ ਮੇਰੇ ਯਾਰ!!

# ਪਿਆਰ ਵਾਲੀ ਚੂਰੀ

ਸੁਣ ਯਾਰਾ ਦਿਲ ਮੇਰੇ ਦੀ ਇੱਕ ਮਜਬੂਰੀ,
ਤੇਰੇ ਨਾਲ ਖਾਣੀ ਮੈਂ ਤਾਂ ਪਿਆਰ ਵਾਲੀ ਚੂਰੀ,

ਰਾਂਝਾ ਹੀਰ ਬਣ ਕੇ ਮੈਂ ਦੁਨੀਆ ਨੂੰ ਦਿਖਾਉਣਾ ਏ,
ਪਿਆਰ ਵਿਚ ਤੇਰੇ ਨਾਲ ਮਰ ਮੈਂ ਜਾਣਾ ਏ!

ਕੱਚਾ ਘੜਾ ਰੱਖ ਅਸੀਂ ਪਾਰ ਕਰ ਜਾਣਾ ਏ,
ਸੁਣ ਯਾਰਾ ਦਿਲ ਮੇਰੇ ਦੀ ਇੱਕ ਮਜਬੂਰੀ,
ਤੇਰੇ ਨਾਲ ਖਾਣੀ ਮੈਂ ਤਾਂ ਪਿਆਰ ਵਾਲੀ ਚੂਰੀ,

ਆਪਣੇ ਉੱਤੇ ਇਨਾ ਵੀ ਤੂੰ ਮਾਣ ਨਾ ਕਰੀਂ,
ਤੇਰੇ ਉਤੋਂ ਵਾਰ ਦੇਣੀ ਜਾਨ ਮੈਂ ਸਾਰੀ।
ਜਾਣ ਕੇ ਤੂੰ ਦਿੰਦਾ ਮੈਨੂੰ ਪਿਆਰ ਵਿਚ ਮਜਾ ਏ,
ਚੁੱਪ ਚਾਪ ਲੈਂਦਾ ਬਸ ਪਿਆਰ ਵਿਚ ਸਜ਼ਾ ਏ,

ਕੱਚਾ ਘੜਾ ਰੱਖ ਅਸੀਂ ਪਾਰ ਕਰ ਜਾਣਾ ਏ,
ਸੁਣ ਯਾਰਾ ਦਿਲ ਮੇਰੇ ਦੀ ਇੱਕ ਮਜਬੂਰੀ,
ਤੇਰੇ ਨਾਲ ਖਾਣੀ 'ਸਵੀ' ਤਾਂ ਪਿਆਰ ਵਾਲੀ ਚੂਰੀ।



# ਦੋਰਾਹਾ

ਜ਼ਿੰਦਗੀ ਦੇ ਦੋਰਾਹੇ 'ਤੇ ਖੜ੍ਹੀ ਹਾਂ ਮੈਂ,
ਤੇ ਜਾਣਦੀ ਵੀ ਹਾਂ ਪਰ ਫਿਰ ਵੀ ਅਨਜਾਣ ਹਾਂ ਮੈਂ,
ਤੇਰਿਆਂ ਖ਼ਿਆਲਾਂ 'ਚ ਖੋਈ ਹੀਰ ਤੇਰੀ ਹਾਂ ਮੈਂ,
ਤੂੰ ਚਾਹੇ ਜਾਣੀ ਝੂਠੀ ਹਾਂ ਮੈਂ!!

ਸੁਪਨਿਆਂ ਦੀ ਦੁਨੀਆਂ 'ਚ ਰਹਿਣਾ ਆਉਂਦਾ ਹੈ,
ਪਰ ਹਕੀਕਤਾਂ ਦੇ ਲੱਖਾਂ ਸ਼ੀਸ਼ਿਆਂ ਤੋਂ ਝਿਜਕਦੀ ਹਾਂ,
ਤੂੰ ਮਿਲੇ ਤਾਂ ਰੱਬ ਜਿਹਾ ਮਾਨ ਤੇਰੇ 'ਤੇ ਕਰਾਂ ਮੈਂ,
ਪਰ ਤੈਨੂੰ ਕਹਿਣ ਤੋਂ ਵੀ ਡਰਾ ਹੁਣ ਮੈਂ!!

ਜਾਣ ਗਈ ਹਾਂ ਕੀ ਹਕੀਕਤ ਹੈ ਤੇ ਕੀ ਝੂਠ,
ਫਿਰ ਵੀ ਵਹਿਮਾਂ ਭਰਮਾਂ ਵਿਚ ਰਹਿਣਾ ਮੈਂ,
ਨਾਲ ਮੇਰੇ ਜਿੰਨੀ ਵਾਰ ਤੂੰ ਰੁੱਸਿਆ,
ਉਨ੍ਹੀ ਵਾਰ ਮੈਂ ਹੀ ਸਿਰ ਝੁਕਾਇਆ ਏ!!

ਤੈਨੂੰ ਪਾ ਕੇ ਵੀ ਪੂਰੀ ਨਹੀਂ ਹਾਂ ਯਾਰ,
ਤੂੰ ਇਕ ਵਾਰ ਆ ਕੇ ਦੇਖ ਲੈ ਸਵੀ
ਹੁਣ ਵੀ ਕਰਦੀ ਹਾਂ ਤੇਰਾ ਇੰਤਜ਼ਾਰ,
ਪਰ ਇਕ ਖ਼ਿਆਲ ਤੇ ਜਜ਼ਬਾਤ ਤੇਰੇ ਤੋਂ ਬਿਨਾਂ ਹੈ ਅਧੂਰਾ,
ਤੇ ਸੋਚਦੀ ਹਾਂ ਜ਼ਿੰਦਗੀ ਦੇ ਦੋਰਾਹੇ ਤੇ ਕਦੋਂ ਤਕ ਖੜ੍ਹਾ ਹੁਣ ਮੈਂ!!

**ਰਣਜੀਤ ਕੌਰ ਸਵੀ**
ਮਕਾਨ ਨੰ: 37, ਰੋਜ ਐਵਨਿਊ,
ਨੇੜੇ ਟਰੱਕ ਯੂਨੀਅਨ, ਮਲੇਰਕੋਟਲਾ, ਸੰਗਰੂਰ (ਪੰਜਾਬ)
ਮੋਬਾ: 9592901529

# ਦੋ ਮੁੱਠੀਆਂ ਲੂਣ



ਰਾਜ ਨਗਮਾਣਾ

ਕੋਈ ਖ਼ਾਸ ਦੂਰੀ ਨਹੀਂ ਸੀ,
ਮੇਰੇ ਪਿੰਡ ਤੇ ਤੇਰੇ ਸ਼ਹਿਰ ਵਿਚਕਾਰ,
ਨਾ ਤੂੰ ਬਹੁਤੀ ਕਰੀਬ ਸੀ ਮੇਰੇ,
ਪਰ ਫਿਰ ਵੀ.....
ਪਤਾ ਨਹੀਂ ਕਿਉਂ
ਮੈਂ ਤੈਨੂੰ ਆਪਣੀ ਹਮਸਫ਼ਰ
ਸਮਝਦਾ ਸੀ...ਤੇ
ਹਰ ਦੁੱਖ ਸੁੱਖ ਸਾਂਝਾ ਕਰਨ ਵਾਲਾ
ਹਮਦਰਦ ਵੀ
ਸ਼ਾਇਦ ਤੂੰ ਆਪਣੀ
ਰੋਜ਼ ਦੀ ਜ਼ਿੰਦਗੀ ਦਾ
ਹਿੱਸਾ ਬਣਾ ਲਿਆ ਸੀ, ਮੈਨੂੰ
ਉਹ ਨਿੱਕੀਆਂ-ਨਿੱਕੀਆਂ ਗੱਲਾਂ
ਹੌਲੀ-ਹੌਲੀ ਜ਼ਰੂਰਤ ਬਣ ਗਈਆਂ
ਤੇ ਤੂੰ ਮੇਰੀ ਆਦਤ
ਜਿਹੀ ਬਣ ਗਈ
ਤੇ ਹੌਲੀ-ਹੌਲੀ
ਇੱਕ ਰਿਸ਼ਤਾ ਬਣ ਗਿਆ
ਇੱਕ ਨਾ ਭੁੱਲਣ ਵਾਲਾ.....ਰਿਸ਼ਤਾ......ਇੱਕ ਸੱਚ
ਏਸ ਸੱਚ ਨੂੰ ਤੂੰ ਵੀ
ਚੰਗੀ ਤਰ੍ਹਾਂ ਜਾਣਦਾ ਸੀ....
ਕਿ ਸਾਡੇ ਅੱਗੇ ਅਮੀਰੀ-ਗ਼ਰੀਬੀ ਤੇ
ਜਾਤ-ਪਾਤ ਦੀ ਇੱਕ ਬਹੁਤ ਵੱਡੀ
ਦੀਵਾਰ ਖੜ੍ਹੀ ਸੀ
ਤੇ ਆਖਿਰ ਨੂੰ
ਅਸੀਂ ਦੋਵੇਂ ਉਸ ਦੀਵਾਰ ਨਾਲ
ਟੱਕਰਾਂ ਮਾਰਦੇ ਲਹੂ-ਲੁਹਾਣ ਹੋ ਗਏ
ਤੇ ਏਸ ਅਖੌਤੀ ਸਮਾਜ ਨੇ
ਸਾਨੂੰ ਦਿੱਤਾ ਸਿਰਫ਼ 'ਦੋ ਮੁੱਠੀਆਂ ਲੂਣ'



# ਦੋਸਤ

ਦੋਸਤ...ਐ ਦੋਸਤ
ਕਦੇ-ਕਦੇ ਤੇਰੀ ਸੋਚ ਵੀ
ਉਡਾਰੀ ਲਾਉਂਦੀ ਹੋਊ
ਪੜ੍ਹ-ਪੜ੍ਹ ਕਿਤਾਬਾਂ
ਵਿਚਾਰਾਂ ਦੀ ਸੁਨਾਮੀ ਆਉਂਦੀ ਹੋਊ
ਸ਼ਬਦ ਜੋੜਨ ਦੀ ਤਰਕੀਬ
ਸਿੱਖ ਤਾਂ ਸਹੀ
ਸਵਾਲਾਂ ਦੇ ਛਿੜਦੇ ਯੁੱਧ ਨੂੰ
ਕਾਗਜ਼ਾਂ 'ਤੇ ਲਿਖ ਤਾਂ ਸਹੀ

ਦੋਸਤ.....ਐ ਦੋਸਤ
ਤੇਰੇ ਸਾਹਮਣੇ ਜਦੋਂ
ਕਿਰਤ ਦੀ ਲੁੱਟ ਹੁੰਦੀ ਐ
ਚੌਂਕਾਂ ਵਿਚ ਬੇਰੁਜ਼ਗਾਰਾਂ ਦੀ
ਗਿੱਦੜ-ਕੁੱਟ ਹੁੰਦੀ ਐ
ਜਿੱਥੇ ਪੈਰਾਂ ਵਿੱਚ ਰੁਲਦੀ ਐ,
ਸਿਰ ਤੋਂ ਹਰ ਪੱਗ ਲਹੀ
ਸਵਾਲਾਂ ਦੇ ਛਿੜਦੇ........

ਦੋਸਤ......ਐ ਦੋਸਤ
ਤੂੰ ਸਭ ਜਾਣਦੈਂ....ਕਿਵੇਂ
ਪੰਜਾਬੀ ਪੁੱਤ ਨਸ਼ਿਆਂ ਨੇ ਖਾ ਲਏ
ਫ਼ਿਕਰਾਂ ਵਿੱਚ ਮਾਵਾਂ ਨੇ
ਸਰੀਰ ਪਿੰਜਰ ਬਣਾ ਲਏ

ਮਾੜੀ ਔਲਦਾ ਦੇ ਦੁੱਖਾਂ 'ਚ
ਮਾਪਿਆਂ ਦੀ ਨਿਗ੍ਹਾ ਨਾ ਰਹੀ
ਸਵਾਲਾਂ ਦੇ ਛਿੜਦੇ

ਦੋਸਤ....ਐ....ਦੋਸਤ
ਤੈਨੂੰ ਸਭ ਪਤਾ ਏ
ਕਿ ਝੰਡੀ ਵਾਲੀਆਂ ਕਾਰਾਂ
ਪਿੰਡ ਕਦੋਂ ਵੜਦੀਆਂ ਨੇ
ਪਥੇਰਾਂ ਵਿੱਚ, 'ਕਿਰਤੀ ਧੀਆਂ'
ਕਿਵੇਂ ਧੁੱਪੇ ਸੜਦੀਆਂ ਨੇ
ਉਨ੍ਹਾਂ ਦਾ ਹਮਦਰਦ ਬਣਕੇ
ਕਿਧਰੇ ਦਿਖ ਤਾਂ ਸਹੀ
ਸਵਾਲਾਂ ਦੇ ਛਿੜਦੇ ਯੁੱਧ

ਦੋਸਤ.....ਐ ਦੋਸਤ
ਮੰਨਿਆ ਕਿ ਤੈਨੂੰ ਫ਼ਿਕਰ ਹੈ
ਟੁੱਕ ਲਈ ਕਮਾਈ ਦਾ
ਪਰ 'ਖੇਤਾਂ ਦਾ ਪੁੱਤ' ਪੜ੍ਹਕੇ
ਸੋਚ ਨੂੰ ਜਗਾਈ ਦਾ
ਯਾਦ ਰੱਖ ਗੱਲ 'ਨਰਮਾਣੇ'
ਵਾਲੇ ਦੀ ਕਹੀ।
ਸਵਾਲਾਂ ਦੇ ਛਿੜਦੇ ਯੁੱਧ ਨੂੰ
ਕਾਗਜ਼ਾਂ ਤੇ ਲਿਖ ਤਾਂ ਸਹੀ....



# ਨਹੀਂ.....ਨਹੀਂ....

ਮੈਂ.......
ਅੱਜ ਦੇ ਖੜਪੈਂਚੀ ਸੱਭਿਆਚਾਰ ਦਾ
ਹਿੱਸਾ ਨਹੀਂ ਅਖਵਾਉਣਾ
ਜੋ ਕੁੜੀਆਂ ਦੇ ਡੁੱਲਦੇ ਹੁਸਨ ਦੀ
ਗੱਲ ਕਰਾਂਗਾ
ਨਹੀਂ....
ਮੈਥੋਂ ਨਹੀਂ ਲਿਖ ਹੋਣੇ
'ਰਫਲ' ਮਾਰਕਾ ਗੀਤ
ਤਲਵਾਰਾਂ, ਟਕੂਆਂ ਦੀ ਚਮਲਾਹਟ
ਤੇ ਮੈਥੋਂ ਨਹੀਂ ਦਿੱਤੇ ਜਾਣੇ
ਸ਼ਰੀਕਾਂ ਨੂੰ 'ਬੱਤੀ ਬੋਰ ਦੇ ਡਰਾਵੇ'
ਮੈਂ ਤਾਂ ਕੁੱਖਾਂ ਵਿੱਚ ਕਤਲ ਹੁੰਦੀਆਂ ਕੁੜੀਆਂ ਦੀ ਗੱਲ ਕਰਾਂਗਾਂ
ਨਹੀਂ......
ਮੈਥੋਂ ਨਹੀਂ ਲਿਖ ਹੋਣੀ
ਬੁਲਟ ਦੀ ਦੁੱਗ-ਦੁੱਗ
ਜਾਂ
'ਚੇਤਕ' ਦੇ ਰੰਗ ਦੀ ਗੱਲ
ਮੈਂ ਤਾਂ ਕਿਸੇ ਮਜ਼ਦੂਰ ਦੇ
ਸਾਇਕਲ ਦੀ ਵਾਰ-ਵਾਰ
ਉਤਰਦੀ 'ਚੈਨ' ਦੀ ਗੱਲ ਕਰਾਂਗਾ
ਨਹੀਂ........
ਮੈਥੋਂ ਨਹੀਂ ਲਿਖ ਹੋਣਾ
ਚੰਡੀਗੜ੍ਹ ਦੀਆਂ ਕੁੜੀਆਂ ਨੂੰ
ਪੁਰਜੇ...ਪਟੋਲੇ
ਮੈਂ ਤਾਂ ਸੜਕਾਂ 'ਤੇ ਰੋੜੀ ਕੁੱਟਦੀ
ਕਿਸੇ ਅਬਲਾ ਦੀ ਗੱਲ ਕਰਾਂਗਾ...

# ਮੇਰੀ ਕਲਮ

ਕਲਮ.....
ਲਿਖਣਾ ਚਾਹੁੰਦੀ ਐ
ਭ੍ਰਿਸ਼ਟ ਨੇਤਾਵਾਂ ਬਾਰੇ ਜੋ
ਵੋਟਾਂ ਲੈਣ ਲਈ
ਗ਼ਰੀਬਾਂ ਨਾਲ ਖੇਡਦੇ ਨੇ
ਲੂੰਬੜ ਚਾਲਾਂ
ਮੇਰੀ ਕਲਮ....
ਲਿਖਣਾ ਚਾਹੁੰਦੀ ਐ
ਪ੍ਰਦੇਸੀਆਂ ਦੇ ਦੁੱਖ ਦੀ
ਦਾਸਤਾਨ ਜੋ
ਰੋਜ਼ੀ-ਰੋਟੀ ਖ਼ਾਤਿਰ
ਆਪਣੇ ਪਰਿਵਾਰਾਂ ਤੋਂ ਦੂਰ ਰਹਿਕੇ
ਕਿਵੇਂ ਕਰਦੇ ਨੇ
ਦਿਨ ਕਟੀਆਂ
ਮੇਰੀ ਕਲਮ....
ਲਿਖਣੇ ਚਾਹੁੰਦੀ ਐ
ਉਹਨਾਂ ਬਦਨਸੀਬ ਮਾਪਿਆਂ ਦੀ
ਦਾਸਤਾਨ....
ਜਿਨ੍ਹਾਂ ਦੀ ਮਾੜੀ-ਔਲਾਦ
ਘਰ, ਕੋਠੀਆਂ ਜ਼ਮੀਨਾਂ ਸਾਂਭ ਕੇ
ਉਹਨ੍ਹਾਂ ਨੂੰ ਤੋਰ ਦਿੰਦੇ
ਬਿਰਧ ਆਸ਼ਰਮਾਂ ਦੇ ਰਾਹ
ਮੇਰੀ ਕਲਮ......
ਲਿਖਣਾ ਚਾਹੁੰਦੀ ਐ
ਇੱਕ ਅੱਠਵੀਂ ਪਾਸ ਨੇਤਾ ਅੱਗੇ
ਥੱਬ-ਥੱਬ ਡਿਗਰੀਆਂ ਚੁੱਕੀ
ਰੁਜ਼ਗਾਰ ਮੰਗਦੇ
ਮੁੰਡੇ ਕੁੜੀਆਂ ਦੀ
ਕੁੱਟ ਕਥਾ
ਮੇਰੀ ਕਲਮ......
ਲਿਖਣਾ ਚਾਹੁੰਦੀ ਐ
ਸਾਰੀ ਲੁਕਾਈ ਦੇ
ਦੁੱਖਾਂ ਦੀ ਦਾਸਤਾਨ।

**ਰਾਜ ਨਰਮਾਣਾ**
ਪਿੰਡ ਨਰਮਾਣਾ
ਡਾਕ. ਕਲ੍ਹੇਮਾਜਰਾ
ਤਹਿ: ਨਾਭਾ (ਪਟਿਆਲਾ)
ਮੋਬਾ: 99143-41048





**ਸਰਬਜੀਤ ਚੌਂਟਾਲਾ**

# ਪੀੜ

ਮਾਂ
ਮੇਰੇ ਯਾਰਾਂ ਦੋਸਤਾਂ ਨੂੰ ਆਖ ਦੇ
ਮੇਰੀਆਂ ਲਿਖਤਾਂ ਵਿਚੋਂ
ਉਹਨਾਂ ਨੂੰ ਨਿਜ਼ਾਮ ਹੱਥੋਂ
ਦੱਬੇ ਕੁਚਲੇ ਲੋਕਾਂ ਦੀਆਂ
ਹੂਕਾਂ ਤੇ ਚੀਸਾਂ ਹੀ ਥਿਆਉਣੀਆਂ ਨੇ....

ਉਹ ਨਾ ਭਾਲਣ
ਮੇਰੇ ਕੋਲੋਂ
ਇਸ਼ਕ ਮਜ਼ਾਜੀ ਦੇ ਜ਼ਿਕਰ...
ਬਸ ਮੈਨੂੰ ਤੁਰਿਆ ਰਹਿਣ ਦੇਣ
ਅਜੇ ਆਪਣੇ ਹੀ ਪਰਛਾਵੇਂ ਸੰਗ
ਉਹਨਾਂ ਦੇ ਦਰਦਾਂ ਦੇ ਨਾਲ-ਨਾਲ
ਜੋ ਤਰਸਦੇ ਆ ਰਹੇ ਨੇ
ਬੈਠਣ ਲਈ
ਸਰਕਾਰਾਂ ਦੀ ਤੰਗਦਿਲੀ ਦੀਆਂ
ਭੀੜੀਆਂ ਗਲੀਆਂ ਵਾਲੇ ਮੁਹੱਲੇ ਅੰਦਰ
ਹੋ ਰਹੇ ਜਲਸੇ ਵਿੱਚ
ਉਹਨਾਂ ਨੂੰ ਆਸ ਹੈ ਸਰਕਾਰ ਤੋਂ ਮੁਨਾਫ਼ੇ ਦੀ...
ਪਰ ਉਹ ਨਹੀਂ ਜਾਣਦੇ
ਇਥੇ ਤਾਂ ਸਿਰਫ਼
ਸਿਫ਼ਾਰਿਸ਼ੀ ਟਿਕਟਾਂ ਤੇ ਹੀ ਬੈਠਣ ਦੀ ਆਗਿਆ ਹੈ...
ਹਾਂ
ਮੇਰੇ ਫ਼ਿਕਰਾਂ ਮੇਰੀ ਚਿੰਤਾ
ਤੱਕ ਉਹ ਉਸ ਵਕਤ ਪਹੁੰਚਣਗੇ....
ਜਦੋਂ ਉਹਨਾਂ ਨੂੰ ਵੀ ਕਿਸੇ ਸ਼ਾਸਕ ਦੀ ਲੰਗਾਮ ਦੀ
ਪੀੜਾਂ ਭਰੀ ਖਿੱਚ ਲੱਗੀ
ਤੇ ਫਿਰ ਉਹ ਵੀ ਬਨਣਗੇ
ਮੇਰੀਆਂ ਲਿਖਤਾਂ ਦੇ ਪਾਤਰ
ਤੇ ਕਰਨਗੇ ਪਰਵਾਨ
ਇਹਨਾਂ ਕਲਮਾਂ ਦੇ ਮੂੰਹੋਂ ਨਿਕਲੇ ਸੱਚ ਨੂੰ
ਕਿਸੇ ਦਰਬਾਰੀ ਹੁਕਮਨਾਮੇ
ਦੀ ਤਰ੍ਹਾਂ....

# ਸ਼ੁਰੂਆਤ

ਅਜੇ ਮੰਜ਼ਿਲਾਂ ਵੱਲ ਸ਼ੁਰੂਆਤਾਂ ਨੇ
ਅਜੇ ਝਾਕਣੀਆਂ ਕਈ ਰਾਤਾਂ ਨੇ

ਮੈਨੂੰ ਬਾਪੂ ਦਾ ਫ਼ਿਕਰ ਬੜਾ
ਅੰਮੀ ਦੀਆਂ ਸੁਣਨੀਆਂ ਬਾਤਾਂ ਨੇ

ਪਿਆਰਾਂ ਦੇ ਹਰਫ਼ ਮੈਂ ਉਕਰ ਲਏ
ਸੱਧਰਾਂ ਦੀਆਂ ਸ਼ਾਹੀ ਦਵਾਤਾਂ ਨੇ

ਅਜੇ ਇੰਤਜ਼ਾਰ ਦੀਆਂ ਤਲਬਾਂ ਨੇ
ਮੈਨੂੰ ਖੌਰੇ ਕਿਹਦੀਆਂ ਝਾਕਾਂ ਨੇ

ਚੰਨ ਤਾਰਿਆਂ ਨੂੰ ਸਮਝਾਉਂਦਾ ਹਾਂ
ਕੁਝ ਆਖਿਆ ਜਿਗਰੀ ਸਾਕਾਂ ਨੇ

ਕਲੀਆਂ ਦੀਆਂ ਮਹਿਕਾਂ ਪੌਣਾਂ 'ਚੋਂ
ਨਿੱਤ ਹੁੰਦੀਆਂ ਹੁਣ ਕਰਾਮਾਤਾਂ ਨੇ

ਪਿਆਰਾਂ 'ਚੋਂ ਅੱਵਲ ਆਵਾਂਗਾ
ਇਸ਼ਕੇ ਦੀਆਂ ਲਾ ਜਮਾਤਾਂ ਨੇ

ਅੱਲਾ ਦੀ ਰਹਿਮਤ ਚਾਹੁੰਦਾ ਹਾਂ
ਭਲਾ ਮੇਰੀਆਂ ਕੀ ਔਕਾਤਾਂ ਨੇ

ਅਜੇ ਬਾਲ ਵਰੇਸਾਂ ਖੇਡਾਂ ਮੈਂ
ਸਰ ਰਸਤੇ ਪਾਉਣੀਆਂ ਮਾਤਾਂ ਨੇ



# ਧੀ ਮਾਂ ਨੂੰ

ਤਪਦੀ ਆਈ ਹਾਂ
ਮਾਏ
ਸਦੀਆਂ ਤੋਂ ਤੇਰੀ
ਕੁੱਖ ਅੰਦਰ
ਮਾਰੂਥਲ ਦੇ ਰੇਤਿਆਂ ਦੀ ਤਰ੍ਹਾਂ
ਕਦੇ ਦਾਦੀ ਦੇ ਮੇਹਣਿਆਂ ਨਾਲ
ਕਦੇ ਬਾਬੁਲ ਦੇ ਭੈਅ ਨਾਲ
ਚਾਚੇ ਤਾਇਆਂ ਦੀ ਘੂਰੀ
ਤੇ ਕਦੇ ਇਸ ਚੰਦਰੇ ਸਮਾਜ
ਦੀਆਂ ਸ਼ੱਕੀ ਨਜ਼ਰਾਂ ਨਾਲ...
ਪਰ ਨੀ ਮਾਏ
ਸਮੇਂ ਦੀ ਕਰਵਟ ਨਾਲ
ਮੇਰੇ ਚਾਅ ਤਿੱਤਲੀ ਦੀ ਤਰ੍ਹਾਂ
ਉਡਾਰੀਆਂ ਭਰਦੇ ਆ...
ਮਾਂ ਤੂੰ ਡਰ ਨਾ
ਮੈਨੂੰ ਤਾਂ ਸ਼ਰਮਾਂ ਨੇ
ਪਿਉ ਦੀ ਪੱਗ ਦੀਆਂ
ਵੀਰਾਂ ਦੀ ਅਣਖ ਦੀਆਂ...
ਮਾਂ ਤੂੰ ਮੇਰਾ ਪਰਛਾਵਾਂ
ਬਣ ਜਾ
ਮੈਨੂੰ ਉੱਡ ਲੈਣ ਦੇ
ਚਾਵਾਂ ਦੀ ਬਗੀਚੀ ਦੇ ਵਿਚ
ਭੌਰਿਆਂ ਦੀ ਤਰ੍ਹਾਂ...
ਤੇ ਜਦ ਮੈਂ ਥੱਕ ਜਾਵਾਂਗੀ
ਬੈਠ ਜਾਵਾਂਗੀ ਤੇਰੇ ਸਾਏ ਅੰਦਰ
ਕੁਮਲਾਈ ਹੋਈ ਰਾਤ ਦੀ
ਰਾਣੀ ਦੀ ਤਰ੍ਹਾਂ....

# ਜ਼ਿੰਮੇਵਾਰੀ

ਲੋਹੇ ਦੇ ਇਰਾਦੇ
ਕਦੇ ਕੱਚ ਦੀਆਂ ਵੰਗਾਂ
ਵਰਗੇ ਨਹੀਂ ਹੁੰਦੇ
ਉਹ ਤਾਂ ਜ਼ਿੰਮੇਵਾਰੀਆਂ
ਦੀ ਭੱਠੀ ਚ ਤਪੇ
ਸਿੱਦਕ ਦੀ ਤਰ੍ਹਾਂ
ਆਪ ਮੁਹਾਰੀ
ਨਜ਼ਰੀਂ ਆਉਣ ਲੱਗ
ਪੈਂਦੇ ਨੇ...
ਤੇ ਫਿਰ
ਭਾਰ ਮੋਢਿਆਂ ਤੋਂ
ਸਿਰ ਤੇ ਬਦੋਬਦੀ
ਆਣ ਪੈਂਦਾ ਏ
ਜਦੋਂ ਭਰ ਉਮਰੇ
ਕਿਸੇ ਪੁੱਤ
ਦਾ ਪਿਉ
ਤੇ ਮਾਂ ਦੇ
ਸਿਰ ਦਾ ਸਾਈਂ
ਉਥੇ ਚਲਾ ਜਾਏ
ਜਿੱਥੋਂ ਕੋਈ ਨਹੀਂ
ਆਂਵਦਾ



# ਬਾਪੂ

ਬੁਢਾਪੇ ਦੀ ਸਰਦਲ
ਤੇ ਬੈਠਾ
ਇਕ ਪਿਉ
ਝੂਰ ਰਿਹਾ ਸੀ ਅੱਜ
ਸੁਪਨੇ ਦੀ ਤਰ੍ਹਾਂ
ਲੰਘ ਗਏ ਵਕਤ ਨੂੰ
ਯਾਦ ਕਰਕੇ
ਕਿ ਮੈਂ ਵੀ ਕਦੇ
ਬੈਠਿਆਂ ਕਰਦਾ ਸੀ
ਮੰਡੀਆਂ ਦੀ ਆੜ੍ਹਤ ਤੇ
ਇਕ ਨਵਾਬ ਦੀ ਤਰ੍ਹਾਂ
ਆਪਣੀਆਂ ਮੁੱਛਾਂ ਨੂੰ
ਵੱਟ ਚਾੜ੍ਹ ਕੇ
ਪਰ ਹੁਣ ਜਵਾਨ ਹੋਈਆਂ
ਸੋਚਾਂ ਨੇ
ਕੱਢਤਾ ਘਰੋਂ ਇਹ ਸੋਚ ਕੇ
ਕਿ ਵਿਹਲੜ ਆ
ਫਾਲਤੂ ਆ
ਪੁੱਛਿਆ ਜਦ ਕਿਸੇ
ਤੜਪਦੀ ਰੂਹ ਨੇ
ਤਰਸਦੀਆਂ ਅੱਖਾਂ
ਤੇ ਮੁਰਝਾਏ ਹੋਏ ਚਿਹਰੇ
ਵਾਲੇ ਬਾਪੂ ਤੋਂ
ਕਿ ਗੱਲ ਹੈ
ਤਾਂ ਹਉਕਾ ਲੈ ਬੋਲਿਆ
ਕਿ ਪੁੱਤ ਜਵਾਨ
ਹੋ ਗਏ ਨੇ !

**-ਸਰਬਜੀਤ ਸਿੰਘ (ਮਾਸਕਟ)**
ਸਪੁੱਤਰ ਪਿਆਰੇ ਲਾਲ (ਸਾਬਕਾ ਸਰਪੰਚ) ਪਿੰਡ ਤੇ ਡਾਕ : ਚੌਟਾਲਾ
ਜ਼ਿਲ੍ਹਾ ਹੁਸ਼ਿਆਰਪੁਰ-144210
ਮੋਬਾ: 00968-94374641



**ਸੈਂਡੀ ਗਿੱਲ ਟੋਰਾਂਟੋ**
**(ਕੈਨੇਡਾ)**

## ਰਿਸ਼ਤੇ

ਅੱਜ ਰਿਸ਼ਤੇ ਹੋਏ ਨੇ ਕਾਗ਼ਜ਼ ਦੇ ਫੁੱਲ
ਵਿੱਚ ਫੁੱਲਾਂ ਦੇ ਅੱਜ ਇਨਸਾਨ ਤੜਫੇ

ਕਿਹਨੇ ਸੁਪਨੇ ਦਫ਼ਨਾਏ ਇਹਦੀ ਹਿੱਕ ਅੰਦਰ
ਕਿਵੇਂ ਵਿਲਕਦਾ ਅੱਜ ਇਹ ਮਕਾਨ ਤੜਫੇ
ਕੁੱਖੀਂ ਕਤਲੀਆਂ ਸੀ ਜੋ ਠੰਡੀਆਂ ਛਾਵਾਂ
ਕਲਾਵੇ ਲੈ ਉਹਨਾਂ ਨੂੰ ਸ਼ਮਸ਼ਾਨ ਤੜਫੇ

ਔੜਾਂ ਮਾਰੀ ਧਰਤੀ ਦੀ ਪਿਆਸ ਨਾ ਬੁਝੀ
ਸਾਰਾ ਡੁੱਬ ਕੇ ਵੀ ਬੱਦਲ-ਤੂਫ਼ਾਨ ਤੜਫੇ
ਸਿਆਲ ਦਾ ਬੀਜ ਬੋ ਕੇ ਤੂੰ ਸੌਂ ਗਿਐਂ
ਬਿਨ-ਕਪੜੀਂ ਗਰੀਬ ਜਹਾਨ ਤੜਫੇ

ਨਿਰਦੋਸ਼ ਪਸ਼ੂ ਪੰਛੀ ਰੋਜ਼ ਵਿੰਨਦੇ ਰਹੇ
ਸਰਵਨ ਮਾਰ ਕਿਉ ਤੀਰ ਕਮਾਨ ਤੜਫੇ

ਇਸ ਨਗਰੀ ਦੇ ਲੋਕ ਹੋਏ ਓਪਰੇ ਜਿਹੇ
ਵਰ੍ਹਿਆਂ ਬਾਅਦ ਪਰਤੇ ਜਦ ਮਹਿਮਾਨ ਤੜਫੇ
ਆਪਣੀਆ ਹੀ ਵਾਵਾਂ ਨੇ ਜਦ ਬਦਨ ਲੂਹਿਆ
ਨੰਗੇ ਹੋਏ ਬਿਨ-ਪੱਤ ਬੀਆਬਾਨ ਤੜਫ
ਗਿਰਵੀ ਰੱਖ ਆਇਆ ਇਹ ਮਕਾਨ ਵੀ
ਰੋਵੇ ਕਿਸਾਨ ਨਾਲੇ ਘਰ ਦਾ ਸਮਾਨ ਤੜਫੇ



## ਦੋ ਪਲ

ਦੋ ਪਲ ਉਧਾਰੇ ਦੇ ਕੇ
ਸਾਡਾ ਚਿੱਤ ਗੁਮਰਾਹ ਕਰ ਜਾ
ਹਿਜਰਾਂ ਦੀਆਂ ਲਪਟਾਂ ਉੱਚੀਆਂ ਨੇ
ਇਹਨੂੰ ਸਾੜ ਸੁਆਹ ਕਰ ਜਾ....
ਦੋ ਪਲ ਉਧਾਰੇ ਦੇ ਕੇ
ਸਾਡਾ ਚਿੱਤ ਗੁਮਰਾਹ ਕਰ ਜਾ
ਪੀੜਾਂ ਦੇ ਗੱਚ ਵਿੱਚ ਡੁੱਬਿਆ ਏ
ਕਿਸੇ ਗਹਿਰੀ ਸੋਚ 'ਚ ਖੁੱਭਿਆ ਏ
ਛਲ ਸੂਲ਼ਾਂ ਬਣ ਬਣ ਚੁੱਭਿਆ ਏ
ਕੋਈ ਝੂਠਾ ਲਾਰਾ ਲਾ ਕੇ
ਕੌੜਾ ਜਿਹਾ ਘੁੱਟ ਭਰ ਜਾ...
ਦੋ ਪਲ ਉਧਾਰੇ ਦੇ ਕੇ
ਸਾਡਾ ਚਿੱਤ ਗੁਮਰਾਹ ਕਰ ਜਾ
ਆਸਾਂ ਵਿੱਚ ਉਮਰਾਂ ਗਲ਼ ਗਈਆਂ
ਹੁਣ ਸੱਧਰਾਂ ਕਿਧਰੇ ਬਲ ਗਈਆਂ
ਘੁੱਪ ਨੇਰਿਆਂ ਦੇ ਵਿੱਚ ਰਲ਼ ਗਈਆਂ
ਇੱਕ ਝਲਕ ਦਾ ਟੂਣਾ ਕਰ ਕੇ
ਸਾਡੇ ਸੌਖੇ ਸਾਹ ਕਰ ਜਾ...
ਦੋ ਪਲ ਉਧਾਰੇ ਦੇ ਕੇ
ਸਾਡਾ ਚਿੱਤ ਗੁਮਰਾਹ ਕਰ ਜਾ
ਅਸਾਂ ਇਸ਼ਕ ਸੁਵੱਲੜਾ ਲਾਇਆ ਸੀ
ਤੈਨੂੰ ਰੀਝਾਂ ਦੇ ਨਾਲ਼ ਪਾਇਆ ਸੀ
ਪ੍ਰੀਤਾਂ ਦਾ ਨਸ਼ਾ ਹੰਢਾਇਆ ਸੀ
ਇੱਕ ਆਖ਼ਿਰੀ ਖ਼ਤ ਲਿਖ ਕੇ
ਸਾਨੂੰ ਬੇਪ੍ਰਵਾਹ ਕਰ ਜਾ...
ਦੋ ਪਲ ਉਧਾਰੇ ਦੇ ਕੇ
ਸਾਡਾ ਚਿੱਤ ਗੁਮਰਾਹ ਕਰ ਜਾ

# ਪਹੁ ਫ਼ੁਟਾਲੇ

ਪਹੁ ਫ਼ੁਟਾਲੇ ਪਲਕ ਉੱਠੀ
ਇਸ਼ਕੜੇ ਦਿੱਤੀ ਬਾਂਗ
ਲੋਕੀਂ ਮੰਦਿਰ ਮਸੀਤੇ ਜਾਵਣ
ਸਾਨੂੰ ਪੀਆ ਮਿਲਣ ਦੀ ਤਾਂਘ...
ਸੱਜਣ ਅਸਾਂ ਮਨਾਵਣਾ
ਭਾਵੇਂ ਫ਼ਿਰਾਂ ਛਾਂਣਦੀ ਖ਼ਾਕ
ਨੀ ਮੈਂ ਦੌੜਾਂ ਉਹਦੇ ਦੀਦ ਨੂੰ
ਜੇ ਉਹ ਇੱਕੋ ਈ ਮਾਰੇ ਹਾਕ...
ਓਦੇ ਨੇਹੁੰ ਮੈਨੂੰ ਡੱਸਿਆ
ਨੀ ਮੈਂ ਮੇਹਲਾਂ ਬਣ ਬਣ ਨਾਗ
ਅੱਜ ਜੰਨਤ ਮੇਰੇ ਸਾਹਮਣੇ
ਰੂਹ ਵਿੱਚ ਜਗਣ ਚਿਰਾਗ਼....
ਨਾਵਣ ਜਾਵਾਂ ਜਦ ਮੈਂ ਤੀਰਥ
ਮਲ਼ ਮਲ਼ ਧੋਵਾਂ ਪਾਪ
ਤੂੰ ਹੀ ਬਖ਼ਸ਼ੇ ਪੁੰਨੜੇ
ਤੂੰ ਹੀ ਧੂੜੇ ਸ਼ਰਾਪ....

ਮੁਰਸ਼ਦ ਕਦਮੀਂ ਜਾ ਬੈਠਾਂ
ਮੈਂ ਤਨ ਦੀ ਕੁੰਜੜੀ ਲਾਹ
ਮੇਰੀ ਬੇੜੀ ਓਹਨੇ ਤਾਰਨੀ
ਓਹੀ ਸੱਜਣ ਮੇਰਾ ਮਲਾਹ



# ਝੁਰਮਟ

ਝੁਰਮਟ ਮੇਰੇ ਅੰਦਰ ਬੋਲੇ
ਝੁਰਮਟ ਬੋਲੇ ਬਾਹਰ
ਹਰ ਝੁਰਮਟ ਵਿੱਚ ਤੂੰ ਵਸੀਂਦਾ
ਮਨ ਐਵੇਂ ਲੱਗਿਆ ਆਹਰ...
ਤੇਰੇ ਵਿੱਚੋਂ ਹੀ ਮੈਂ ਉਪਜਾਂ
ਤੇਰੇ ਵਿੱਚ ਮਿੱਟ ਜਾਣਾਂ
ਕਾਹੇ ਤੈਨੂੰ ਦਰ-ਦਰ ਢੂੰਡਾਂ
ਕਿਉਂ ਨਾ ਮਰਜ਼ ਪਛਾਣਾਂ...
ਮਸਤਕ ਲਿਖੀਆਂ ਕੋਈ ਨਾ ਮੇਟੇ
ਫ਼ਿਰ ਵੀ ਮਨ ਭਰਮਾਵਾਂ
ਮੈਂ ਤਾਂ ਖ਼ੁਦ ਇੱਕ ਵਾਵਰੋਲਾ
ਛਿਣ ਦੇ ਵਿੱਚ ਉੱਡ ਜਾਵਾਂ...
ਖ਼ਾਹਿਸ਼ਾਂ ਵਾਲ਼ੀ ਧੁੱਖਦੀ ਧੂਣੀ
ਮਨ ਦਾ ਨੂਰ ਕੜਕਾਇ
ਜਿੰਦ ਬਾਵਰੀ ਜੱਗ ਦੇ ਮੇਲੇ
ਦੋਜਕ ਪਈ ਹੰਢਾਇ...
ਸੋਨੇ ਦੇ ਮੈਂ ਮਹਿਲ ਉਸਾਰਾਂ
ਤੇ ਚਾਂਦੀ ਦੀਆਂ ਸੜਕਾਂ
ਚਾਰ ਮੋਢੇ ਤੇ ਗਜ਼ ਕੁ ਧਰਤੀ
ਫ਼ੋਕੀਆਂ ਮਾਰਾਂ ਬੜਕਾਂ...

## ਇਸ਼ਕ ਦੀ ਝਾਂਜਰ

ਲਾਲੀ ਚੜ੍ਹਦੇ ਸੂਰਜ ਦੀ
ਅਸਾਂ ਪੀਹ ਕੇ ਹੱਥਾਂ ਤੇ ਲਾਈ ਏ...
ਰਾਤੀਂ ਚੰਨ ਨੂੰ ਨੀਝੀਂ ਤੱਕਿਆ
ਵਿੱਚ ਝਲਕ ਸੱਜਣ ਦੀ ਪਾਈ ਏ...
ਕਾਲ਼ੀ ਰਾਤ ਤੋਂ ਮੰਗ ਉਧਾਰੀ
ਮੈਂ ਸੁਰਮਾ ਧਾਰ ਸਜਾਈ ਏ...
ਲਾਲ ਗੁਲਾਬਾਂ ਹੱਸ ਹੱਸ ਭੋਰੀ
ਸੁਰਖੀ ਬੁੱਲ੍ਹਾਂ 'ਤੇ ਲਾਈ ਏ...
ਆਈ ਚਮੇਲੀ, ਬਣੀ ਸਹੇਲੀ
ਅਸਾਂ ਜੂੜੇ ਵਿੱਚ ਘੁਮਾਈ ਏ...
ਮੁੜ-ਮੁੜ ਤੱਕਾਂ ਚੁੰਨੀ ਨੂੰ ਮੈਂ
ਜਿਹੜੀ ਸੱਜਰੀ ਅੱਜ ਰੰਗਾਈ ਏ...
ਕਾਇਨਾਤ ਮੈਨੂੰ ਕਰੇ ਕਲੋਲਾਂ
ਧੁੱਪ ਵੀ ਅੱਜ ਨਸ਼ਿਆਈ ਏ...
ਨੈਣਾਂ ਵਿੱਚ ਮੇਰੇ ਰੀਝਾਂ ਨੱਚਣ
ਕੰਨੀਂ ਵੱਜਦੀ ਪਈ ਸ਼ਹਿਨਾਈ ਏ...
ਸੂਹਾ ਚੂੜਾ ਦੇ ਮਾਏ ਹੁਣ
ਅਸਾਂ ਇਸ਼ਕ ਦੀ ਝਾਂਜਰ ਪਾਈ ਏ...

**-ਸੈਂਡੀ ਗਿੱਲ ਟੋਰਾਂਟੋ (ਕੈਨੇਡਾ)**





**ਸੁਰਿੰਦਰ ਜੱਕੋਪਰੀ**

## ਆਦਮੀ

ਦਿਨੇ ਚੈਨ ਨਾ ਨੀਂਦ ਰਾਤ ਨੂੰ, ਕੀ ਕੀ ਕਰ ਰਿਹਾ ਆਦਮੀ
ਹੁਣ ਜੀਣ ਦੀ ਖਾਤਰ ਹਰ ਵੇਲੇ, ਮਰ ਰਿਹਾ ਹੈ ਆਦਮੀ

ਥੋੜਾ ਉੱਠਦਾ ਹੈ ਵਿਚਾਰਾ ਤਾਂ ਮਹਿੰਗਾਈ ਲੱਕ ਤੋੜ ਦਿੰਦੀ
ਰੀਝਾਂ ਦੀਆਂ ਕੱਚੀਆਂ ਕਲੀਆਂ ਬੇਵਸੀ ਮਰੋੜ ਦਿੰਦੀ
ਥੱਕਿਆਂ ਟੁੱਟਿਆਂ ਹੋਇਆ, ਹਾਉਕੇ ਭਰ ਰਿਹਾ ਹੈ ਆਦਮੀ
ਹੁਣ ਜੀਣ ਦੀ ਖਾਤਰ............!

ਝੂਠਾ ਅਤੇ ਫਰੇਬਾਂ ਨੂੰ ਜਿੰਦਗੀ ਦਾ ਹਿੱਸਾ ਬਣ ਲਿਆ
ਸਾਂਝਾ ਮੁੱਹਬਤਾਂ ਤਾਂ ਕੀ ਬੰਦੇ ਨੇ ਰੱਬ ਵੀ ਭੁੱਲਾ ਲਿਆ
ਕਸ਼ਟ ਬੜੇ ਹੀ ਅੱਜ ਕੱਲ, ਜਰ ਰਿਹਾ ਹੈ ਆਦਮੀ
ਹੁਣ ਜੀਣ ਦੀ ਖਾਤਰ.........

ਮਿਹਨਤ ਕਰਦਾ ਹੈਂ ਬੜੀ ਪਰ ਕੁੱਝ ਨਹੀਂਓ ਪੱਲੇ ਪੈਂਦਾ
ਵਿਦੇਸ਼ਾਂ ਵਿੱਚ ਵੀ ਜਾ ਕੇ ਵਿਚਾਰਾ ਮਰਦਾ ਹੀ ਰਹਿੰਦਾ
"ਜੱਕੋਪੁਰੀ" ਔਖਾ ਬੜਾ ਹੀ ਚਲਾ ਘਰ ਰਿਹਾ ਹੈਂ ਆਦਮੀ
ਹੁਣ ਜੀਣ ਦੀ ਖਾਤਰ............

# ਸੱਜਣ

ਅਸੀਂ ਜੀ ਪਈਏ ਉਦੋਂ, ਜਦੋਂ ਸੱਜਣ ਤੁਸੀਂ ਹੱਸੇ
ਅਸੀਂ ਮਰ ਜਾਈਏ ਉਦੋਂ, ਜਦੋਂ ਵਟ ਪਾਉਂਦੇ ਤੁਸੀਂ ਮੱਥੇ

ਸਾਡੀ ਜਿੰਦਗੀ ਦੀ ਡੋਰ ਥੋਡੇ ਹੱਥਾਂ ਵਿੱਚ ਏ
ਪਤਾ ਨਹੀਂ ਥੋਡੇ ਵਿਚ ਕਿਹੜੀ ਖਾਸ ਖਿੱਚ ਏ
ਅਸੀਂ ਇਸ਼ਕ ਦੇ ਰੋਗੀ ਚੜ੍ਹ ਗਏ ਤੁਹਾਡੇ ਹੱਥੇ
ਅਸੀਂ ਮਰ ਜਾਈਏ...................

ਸਾਨੂੰ ਥੋਡੇ ਵਿੱਚੋ ਰੱਬ ਹੁਣ ਤਾਂ ਨਜਰੀ ਆਵੇ
ਰੂਹ ਬਾਗੋ ਬਾਗ ਹੁੰਦੀ ਜਦੋਂ ਦੀਦ ਹੋ ਜਾਵੇ
ਸਾਡੇ ਲਈ ਤੁਸੀਂ ਖੁਸ਼ੀ ਬਣ ਅਰਸਾ ਤੋਂ ਲੱਥੇ
ਅਸੀਂ ਮਰ ਜਾਈਏ.......................

ਇੱਕਲਾ ਛੱਡਿਆਂ ਨਾ ਕਰੋ ਆਪਣੇ ਝੱਲੇ ਨੂੰ
ਦੁੱਖ ਲੈਂਦੇ ਨੇ ਘੇਰ ਮੈਨੂੰ ਦੇਖ ਕੇ ਇਕੱਲੇ ਨੂੰ
ਬੜਾ ਸਤਉਂਦੇ ਗਮ "ਜੱਕੋਪੁਰੀ" ਨੂੰ ਹੋ ਕੇ ਕੱਠੇ
ਅਸੀਂ ਮਰ ਜਾਈਏ................................



# ਚੰਦਾ ਵੇ

ਚੰਦਾ ਵੇ ਚੰਦਰਿਆਂ ਨਾ ਕਰ ਨਾ ਕਰ ਲੋਅ
ਮੇਰੇ ਉਦਾਸੇ ਹੋਏ ਦਿਲ ਨੂੰ ਪੈਂਦੀ ਹੈਂ ਖੋਅ

ਮੈਨੂੰ ਤਾਂ ਹੁਣ ਹਨੇਰੇ ਹੀ ਚੰਗੇ ਲੱਗਦੇ ਨੇ,
ਦੂਰ ਹੋ ਗਏ ਨੇ ਜਦੋਂ ਦੇ ਮੈਥੋਂ ਉਹ

ਚਾਵਾਂ ਨਾਲ ਕਦੇ ਤੈਨੂੰ ਤੱਕਿਆ ਸੀ ਕਰਦੇ,
ਜਦ ਰਲ ਮਿਲ ਬਹਿੰਦੇ ਸੀ ਅਸੀਂ ਦੋ

ਵੱਸ ਵਿੱਚ ਨਹੀ ਰਿਹਾ ਹੁਣ ਦਿਲ ਮੇਰੇ ਵੇ,
ਹੁੰਦਾ ਨਹੀਓ ਮੈਥੋ ਗਮਾਂ ਦਾ ਭਾਰ ਢੋਅ

ਮੁੱਕਦਾ ਹੀ ਨਹੀਂ ਨੀਰ ਅੱਖੀਆਂ ਦੇ ਵਿੱਚੋਂ ਵੇ,
ਯਾਦ ਆਵੇ ਤਾਂ ਪੈਂਦੀ ਹਾਂ ਮੈਂ ਝੱਲੀ ਰੋ

ਜਾਣੇ ਮੈਨੂੰ ਹੁਣ ਤਾਂ ਉਹ ਵੀ ਬੇਗਾਨਾ ਵੇ,
ਹੁੰਦਾ ਸੀ "ਜੱਕੋਪੁਰੀ" ਸੱਜਣ ਸਾਡਾ ਜੋ

# ਵਕਤ

ਵਕਤ ਨਹੀਂ ਆਉਂਦਾ ਹੱਥ ਬੜੀਆਂ ਮੁੱਠੀਆਂ ਭਰੀ ਦੀਆਂ
ਬਹੁਤ ਸਾਰੀਆਂ ਗੱਲਾਂ ਹੁਣ ਆਪਣੇ ਨਾਲ ਹੀ ਕਰੀ ਦੀਆਂ

ਜਦੋਂ ਦੱਸੀ ਕਿਸੇ ਨੂੰ ਗੱਲ ਉਹਨੇ ਲਾਈ ਗੱਲ ਦੀ ਖੱਲ,
ਇਸੇ ਲਈ ਤਾਂ ਗੱਲਾਂ ਹੁਣ ਮਨ ਦੀ ਕੋਠੜੀ ਧਰੀ ਦੀਆਂ

ਭੋਲੇ ਬਚਪਨ ਦੀਆਂ ਗੱਲਾਂ ਹਲੂਣ ਗਈਆਂ ਜਵਾਨੀ ਨੂੰ,
ਜਦੋਂ ਦਾਦੇ ਦੀ ਬੁੱਕਲ ਚ ਬਹਿ ਸੁਣਦੇ ਸੀ ਬਾਤਾਂ ਪਰੀ ਦੀਆਂ

ਅਲੜ੍ਹ ਉਮਰ ਆਉਂਦਿਆਂ ਹੀ ਇਸ਼ਕ ਦੇ ਰਾਹ ਤੁਰ ਪਏ,
ਅੱਜ ਵੀ ਕੰਡਿਆਲੇ ਰਾਹ ਦੀਆਂ ਦਿਲ ਤੇ ਪੀੜਾਂ ਜਰੀ ਦੀਆਂ

ਗਰੀਬ ਦੇ ਹੱਥ ਰੋਟੀ ਆਈ ਵਿਚਾਰੇ ਨੇ ' ਇੰਝ ਖਾਧੀ,
ਮਹਿਕਾ ਲੈ ਲੈਕੇ ਮਹਿਲ ਚੋਂ ਮੁਰਗੇ ਦੀ ਬਣਦੀ ਤਰੀ ਦੀਆਂ

ਸਾਨੂੰ ਵਕਤ ਨੇ ਪਾਈ ਰੱਖਿਆਂ ਹੈ ਸਦਾ ਘੁੰਮਣ ਘੇਰੀਆਂ ਚੰ,
"ਜੱਕੋਪੁਰੀ" ਵਕਤ ਨੂੰ ਕਹਿ ਦੇ ਅਸੀਂ ਨਹੀਂ ਬਾਜੀਆਂ ਹਰੀ ਦੀਆਂ



# ਗੀਤ

ਅਣਖਾਂ ਦੇ ਵਣਜਾਰਿਆਂ
ਤੂੰ ਦੇਸ਼ ਤੋਂ ਆਪਾ ਵਾਰਿਆ
ਦੇਸ਼ ਦੀ ਖਾਤਰ ਭਗਤ ਸਿਆਂ, ਤੂੰ ਜਾਮ ਸਹਾਦਤ ਪੀਤਾ
ਪਰ ਤੇਰੀ ਸੋਚ ਮੁਤਾਬਕ, ਅਜੇ ਅਸਾਂ ਕੁੱਝ ਨਹੀਂ ਕੀਤਾ
ਤੇਰੀ ਸੋਚ ਮੁਤਾਬਕ..........................

ਤੇਰੀ ਉਸਾਰੂ ਸੋਚ ਉੱਤੇ, ਅਸੀਂ ਦੇ ਨਾ ਸਕੇ ਪਹਿਰਾ
ਸਿਆਸਤਦਾਨਾਂ ਕਰ ਦਿੱਤੇ, ਹਰ ਮਸਲਾ ਹੀ ਗਹਿਰਾ
ਆਪਣੇ ਦੇਸ਼ ਦਾ ਕਾਨੂੰਨੀ ਢਾਂਚਾ, ਗਿਆ ਹੈ ਹੁਣ ਪਲੀਤਾ
ਤੇਰੀ ਸੋਚ ਮੁਤਾਬਕ.............................

ਗਰੀਬੀ ਤੇ ਅਨਪੜਤਾਂ ਦੇ, ਅਸੀ ਹਾਂ ਅਜੇ ਵੀ ਗੁਲਾਮ
ਖੁਦਕੁਸ਼ੀ ਕਿਸਾਨ ਕਰੇ ਤੇ ਸਾਹੂਕਾਰ ਕਰਦੇ ਨੇ ਆਰਾਮ
ਮਜਦੂਰ ਦੀ ਜ਼ਿੰਦਗੀ ਹੋਈ ਹੈ, ਹੁਣ ਤਾਂ ਫੀਤਾ ਫੀਤਾ
ਤੇਰੀ ਸੋਚ ਮੁਤਾਬਕ..................

"ਜੱਕੋਪੁਰੀ" ਨੇ ਤੱਕਿਆ ਹੈ ਤੇਈ ਮਾਰਚ ਜਦੋਂ ਵੀ ਆਵੇ
ਭ੍ਰਿਸ਼ਟ ਨੇਤਾ ਆ ਕੇ, ਤੇਰੇ ਬੁੱਤ ਦੇ ਉੱਤੇ ਫੁੱਲ ਚੜਾਵੇ
ਭੁੱਲ ਜਾਂਦੇ ਨੇ ਚੋਵੀ ਮਾਰਚ ਨੂੰ, ਤੈਨੂੰ ਮੇਰੇ ਮਨਮੀਤਾ
ਤੇਰੀ ਸੋਚ ਮੁਤਾਬਕ......................

**ਸੁਰਿੰਦਰ ਜੱਕੋਪਰੀ**
ਸਪੁੱਤਰ ਕਾਮਰੇਡ ਸ੍ਰੀ ਤਰਸੇਮ ਲਾਲ, ਪਿੰਡ ਜੱਕੋਪੁਰ ਖ਼ੁਰਦ, ਤਹਿ: ਸ਼ਾਹਕੋਟ
(ਜਲੰਧਰ), ਮੋਬਾ: 0066565109281 (ਕੁਵੈਤ)



ਸੁਰਿੰਦਰਜੀਤ ਕੁਠਾਲਾ

## ਮੈਂ ਸੋਚਦਾ ਸਾਂ

ਕੀ ਇਹ ਮੇਰਾ ਭਾਰਤ ਹੈ
ਮੈਂ ਸੋਚਦਾ ਸਾਂ
ਕਿ ਮੇਰਾ ਭਾਰਤ ਮਹਾਨ ਹੈ
ਅੱਜ ਵੀ ਮੇਰਾ ਦਿਮਾਗ਼ ਖ਼ਰਾਬ ਹੋ ਜਾਂਦਾ ਹੈ
ਜਦੋਂ ਕੋਈ ਬੁਰਾ ਆਖਦਾ ਹੈ ਮੇਰੇ ਭਾਰਤ ਨੂੰ
ਮੈਂ ਸੋਚਦਾ ਸਾਂ
ਕਿਉਂ ਲੋਕ ਛੱਡ ਛੱਡ ਚਲੇ ਜਾਂਦੇ ਮੇਰੇ ਭਾਰਤ ਨੂੰ
ਹੁਣ ਮੈਂ ਵੀ ਉਸੇ ਕਿਸ਼ਤੀ ਵਿੱਚ ਸਵਾਰ ਹੋ ਗਿਆ ਹਾਂ
ਕੱਲ੍ਹ ਮੈਂ ਟੀ.ਵੀ. ਦੇਖਿਆ
ਉਹ ਹਾਲੇ ਵੀ ਕਹਿ ਰਹੇ ਸਨ ਕਿ ਇੱਥੇ ਸਭ ਕੁੱਝ ਹੈ
ਮੈਂ ਸੋਚਦਾ ਹਾਂ
ਅਸੀਂ ਕਿੱਥੇ ਖੜ੍ਹੇ ਹਾਂ ਅੱਜ ਵੀ ਦਿਸ਼ਾਹੀਣ
ਸਾਡਾ ਵਿਦਿਆਰਥੀ ਵੀ ਦਿਸ਼ਾਹੀਣ ਹੈ ਤੇ ਅਧਿਆਪਕ ਵੀ
ਸਕੂਲ, ਕਾਲਜ, ਯੂਨੀਵਰਸਿਟੀਆ ਬਹੁਤ ਖੁੱਲ੍ਹ ਗਈਆਂ ਹਨ
ਪਰ ਵਿੱਦਿਆ ਗੁੰਮ ਹੋ ਗਈ ਹੈ
ਸਾਡੀ ਵਿੱਦਿਆ ਅਤੇ ਮਿਹਨਤ ਦਾ ਮੁੱਲ
ਇੱਕ ਭਾਰਤ ਸਾਈਬਰ ਹਾਈਵੇਅ ਤੇ ਬੈਠਾ ਹੈ
ਤੇ ਦੂਸਰਾ ਟੁੱਟੀਆਂ ਸੜਕਾਂ ਤੇ ਰੁਲਣ ਲਈ ਮਜਬੂਰ ਹੈ
ਵਿਦੇਸ਼ੀ ਚਮਕ ਨੇ ਸਾਡੀ ਨਿਗਾਹ ਚਕਾਚੌਂਧ ਕਰ ਦਿੱਤੀ ਹੈ
ਮੈਂ ਸੋਚਦਾ ਹਾ
ਸ਼ਾਇਦ ਅਸੀਂ ਮੰਗਤੇ ਬਣ ਜਾਵਾਂਗੇ
ਮੁਫ਼ਤ ਦਾਲ, ਚੌਲ ਅਤੇ ਰੋਟੀ ਖਾਣ ਵਾਲੇ ਮੰਗਤੇ
ਵੋਟਾਂ ਦੇ ਦਿਨਾਂ ਵਿਚ ਦਾਰੂ ਮਿਲੇਗੀ
ਬਜਟ ਖ਼ਤਮ ਹੋਣ ਦਾ ਸ਼ਾਇਦ ਭੁੱਖੇ ਮਰਾਂਗੇ



ਮੈਂ ਅੱਜ ਵੀ ਸੋਚਦਾ ਹਾਂ
ਕੀ ਇਹ ਮੇਰਾ ਭਾਰਤ ਹੈ
ਪਰ ਸਾਡੀ ਕਿਸਮਤ ਫੁੱਟ ਗਈ ਹੈ
ਕਿ ਜਿਨ੍ਹਾਂ ਨੂੰ ਵਰ੍ਹਿਆਂ ਤੋਂ ਵੋਟਾਂ ਪਾਈਆਂ
ਉਹ ਸਾਨੂੰ ਲੁੱਟ ਕੇ ਖਾ ਗਏ ਹਨ
ਮੈਂ ਸੋਚਦਾ ਹਾਂ
ਇਹ ਸਿਸਟਮ ਕਦੀ ਵੀ ਠੀਕ ਨਹੀਂ ਹੋ ਸਕਦਾ
ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼ ਦੀਏ
ਇਹ ਗੀਤ ਮੈਂ ਗਾਉਂਦਾ ਰਹਾਂਗਾ
ਮੈਂ ਸੋਚਦਾ ਸੀ
ਮੈਂ ਸੋਚਦਾ ਹਾਂ
ਮੈਂ ਸੋਚਦਾ ਰਹਾਂਗਾ

## ਰੀਝ

ਤੂੰ ਕਵਿਤਾ ਪੜ੍ਹੀ ਮੈਂ ਸੁਣਦਾ ਰਹਾਂਗਾ
ਤੂੰ ਬੈਠੀ ਮੇਰੇ ਕੋਲ ਮੈਂ ਦੇਖਦਾ ਰਹਾਂਗਾ
ਤੂੰ ਹੱਸਦੀ ਰਹੀ ਮੈਂ ਆਪੇ ਖ਼ੁਸ਼ ਹੋਵਾਂਗਾ
ਜੇ ਕਿੱਧਰੇ ਤੂੰ ਰੋਵੇਗੀ ਮੈਂ ਉਦਾਸ ਹੋਵਾਂਗਾ
ਇੱਕ ਤੇਰੇ ਨਾਲ ਜੀਣ ਦੀ ਆਸ ਬੱਝਦੀਏ
ਤੇਰੇ ਬਾਝੋਂ ਉਸੇ ਪਲ ਮੈਂ ਖ਼ਾਕ ਹੋਵਾਂਗਾ
ਤੈਨੂੰ ਦੇਖਣ ਦੀ ਖਿੱਚ ਨੇ ਮੈਨੂੰ ਜਿਉਂਦਾ ਰੱਖਿਆ
ਮੇਰੇ ਤੋਂ ਪਹਿਲਾਂ ਨਾ ਜਾਵੀਂ ਤੇਰੇ ਸੰਗ ਹੀ ਰਾਖ ਹੋਵਾਂਗਾ

# ਤੈਨੂੰ ਯਾਦ ਕਰਕੇ

ਕਦੇ ਦਿਲ ਟੁੱਟਦਾ ਸੀ ਤੈਨੂੰ ਯਾਦ ਕਰਕੇ
ਕਦੇ ਦਿਲ ਰੋਂਦਾ ਸੀ ਤੈਨੂੰ ਯਾਦ ਕਰਕੇ
ਹੁਣ ਮੈਂ ਤੇਰੀ ਬੇਵਫ਼ਾਈ ਨੂੰ ਯਾਦ ਕਰਦਾ ਹਾਂ
ਹੁਣ ਮੈਂ ਰੋਂਦਾ ਹਾਂ ਤੇਰੇ ਤੇ ਇਤਬਾਰ ਕਰਕੇ
ਬੇਬਾਕ ਹੌਂਸਲਾ ਸੀ ਮੇਰੇ ਇਰਾਦਿਆਂ ਦੇ ਵਿੱਚ
ਯਕੀਨ ਬਹੁਤ ਸੀ ਤੇਰੇ ਇਰਾਦਿਆਂ ਦੇ ਵਿੱਚ
ਮਰਦਾ ਹਾਂ ਨਿੱਤ ਮੈਂ ਤੈਨੂੰ ਯਾਦ ਕਰ ਕਰ ਕੇ
ਮਰ ਗਿਆ ਹਾਂ ਮੈਂ ਤੇਰੇ ਤੇ ਇਤਬਾਰ ਕਰਕੇ
ਓਹਨਾਂ ਦਿਨਾਂ ਦੀ ਯਾਦ ਵੀ ਬਹੁਤ ਰਵਾਉਂਦੀ ਹੈ
ਜਦੋਂ ਮਰਿਆ ਸੀ ਮੈਂ ਤੇਰੇ ਦੀਦਾਰ ਕਰਕੇ
ਮੈਂ ਮਜਬੂਰ ਹੋਇਆ ਹਾਂ ਸਿਰਫ਼ ਤੇਰੇ ਕਰਕੇ
ਤੂੰ ਮਸ਼ਹੂਰ ਹੋਇਆ ਸੀ ਸਿਰਫ਼ ਮੇਰੇ ਕਰਕੇ
ਹੁਣ ਵੀ ਮੈਂ ਜਾਣਦਾ ਹਾਂ ਚੱਕਰਵਿਊ ਤੋੜਨਾ
ਮੈਂ ਮਜਬੂਰ ਹੋਇਆ ਹਾਂ ਸਿਰਫ਼ ਤੇਰੇ ਕਰਕੇ
ਦਿਲ ਦੀ ਅਵਾਜ਼ ਨੂੰ ਦਿਲ ਵਿੱਚ ਹੀ ਕਰ ਦਿੱਤਾ ਦਫ਼ਨ
ਅੱਜ ਪਹਿਨ ਕੇ ਮਿਲਿਆ ਸਕੂਨ ਹੈ ਤੇਰਾ ਦਿੱਤਾ ਕਫ਼ਨ



# ਹਾਕਮ

ਸਾਡਾ ਖ਼ੂਨ ਡੁਲਦਾ ਹੈ ਹਾਕਮ ਅਡੋਲ ਹਨ
ਅਸੀਂ ਸੜਕਾਂ ਤੇ ਡਾਂਗਾਂ ਖਾਂਦੇ ਹਾਂ ਹਾਕਮ ਅਨਜਾਣ ਹਨ
ਅਸੀਂ ਤਾਂ ਬਸ ਰੋਜ਼ੀ ਮੰਗਦੇ ਹਾਂ ਹਾਕਮ ਬੇਧਿਆਨ ਹਨ
ਸਾਡੇ ਮਰਨ ਵਰਤ ਹਾਕਮਾਂ ਲਈ ਕਲੋਲ ਹਨ

ਤੁਸੀਂ ਵੋਟ ਮੰਗੀ ਅਸੀਂ ਪੰਥ ਨੂੰ ਦੇ ਦਿੱਤੀ
ਤੁਸੀਂ ਵਾਦੇ ਕੀਤੇ ਸੀ ਅਸੀਂ ਤਾਹੀ ਪਾ ਦਿੱਤੀ
ਅਸੀਂ ਤਾਂ ਆਪਣੇ ਹੱਕ ਮੰਗਦੇ ਹਾਂ ਤੁਹਾਡਾ ਤਾਜ ਨਹੀਂ
ਪਰ ਜਦੋਂ ਅਸੀਂ ਹੱਕ ਮੰਗਦੇ ਹਾਂ ਤੁਸੀਂ ਡਾਂਗ ਚਲਾ ਦਿੱਤੀ

ਤੁਹਾਡੀ ਸੀਮਾ ਦਾ ਅੰਦਾਜ਼ਾ ਨਹੀਂ ਲਗਾ ਸਕੇ
ਕਦੀ ਬਜਰੀ, ਰੇਤਾ ਕਦੀ ਕੇਵਲ ਟੀ.ਵੀ. ਤੇ ਡਾਕਾ
ਕਦੀ ਢਾਬੇ ਵਾਲੇ ਕਦੀ ਟਰਾਂਸਪੋਰਟਰ ਤੇ ਡਾਕਾ
ਲੰਗਰਾਂ ਤੋਂ ਹੋਟਲਾਂ ਤੱਕ ਹਰ ਚੀਜ਼ ਤੇ ਡਾਕਾ

ਸ਼ਰਾਬ, ਅਫ਼ੀਮ ਨਸ਼ੇ ਦੇ ਵਪਾਰੀ ਕਾਰੋਬਾਰੀ
ਢਾਬੇ, ਕੇਵਲ ਟੀ.ਵੀ. ਹਰ ਪਾਸੇ ਤੁਹਾਡੀ ਸਰਦਾਰੀ
ਬੇਇਲਾਜ਼ ਰੋਗਾਂ ਦੀ ਮਾਰ ਹੇਠ ਆ ਗਿਆ ਪੰਜਾਬ
ਜਦੋਂ ਲੋਕ ਹੀ ਨਹੀਂ ਰਹਿਣਗੇ ਤਾਂ ਕਿਸ ਤੇ ਕਰੋਂਗੇ ਰਾਜ

ਤੁਹਾਡੀ ਸੀਮਾ ਨੂੰ ਅਸੀਂ ਸਮਝ ਨਹੀਂ ਸਕਦੇ
ਵੋਟਾ ਪੰਥ ਦੇ ਨਾਂ ਤੇ ਵੋਟਾਂ ਰੱਬ ਦੇ ਨਾਂ ਤੇ
ਤੁਹਾਡੀ ਸੀਮਾ ਨੂੰ ਅਸੀਂ ਸਮਝ ਨਹੀਂ ਸਕਦੇ
ਰੱਬ ਵੀ ਅਨਜਾਣ ਹੈ ਸਾਡੇ ਹਾਕਮਾਂ ਦੇ ਨਾਂ ਤੇ

## ਖ਼ਿਆਲ

ਮੈਨੂੰ ਮੇਰਿਆਂ ਖ਼ਿਆਲਾਂ ਜੋਗਾ ਰਹਿਣ ਦੇ
ਮੈਨੂੰ ਮੇਰਿਆਂ ਸਵਾਲਾਂ ਜੋਗਾ ਰਹਿਣ ਦੇ
ਲੱਭਦਾ ਰਹਾਂਗਾ ਅਣ ਕਹੇ ਸਵਾਲਾਂ ਦੇ ਜਵਾਬ
ਜੋ ਕਹਿ ਦਿੱਤੇ ਉਹਨਾਂ ਜਵਾਬਾਂ ਜੋਗਾ ਰਹਿਣ ਦੇ
ਬੁੱਝ ਗਏ ਦੀਵਿਆਂ ਦੀ ਲੋ ਕਿਵੇਂ ਬਣੇਗੀ
ਟੁੱਟੇ ਹੋਏ ਦਿਲਾਂ ਦੀ ਆਵਾਜ਼ ਕਿਵੇਂ ਰਲੇਗੀ
ਜੋ ਛੱਡ ਗਏ ਨੇ ਸਾਥ ਉਹ ਨੇੜੇ ਕਿਵੇਂ ਆਉਣਗੇ
ਉਤੋਂ ਉਤੋਂ ਸ਼ਾਇਦ ਆਵਾਜ਼ਾਂ ਜਹੀਆਂ ਲਗਾਉਣਗੇ
ਜਿਹਦੇ ਲਈ ਫਿਰਦਾ ਸੀ ਮੈਂ ਜਾਨ ਦੇਣ ਨੂੰ
ਲੱਭਦੇ ਸੀ ਵੇਲਾ ਉਹ ਤਾਂ ਮੇਰੀ ਜਾਨ ਲੈਣ ਨੂੰ
ਮੌਕੇ ਦੀ ਤਲਾਸ਼ ਵਿਚ ਤੀਰ ਉਹਨਾਂ ਛੱਡਿਆ
ਆਪਣੀ ਖ਼ੁਸ਼ੀ ਲਈ ਉਹਨਾਂ ਸਾਨੂੰ ਵੇਚ ਛੱਡਿਆ

**ਸੁਰਿੰਦਰਜੀਤ ਕੁਠਾਲਾ**
ਪਿੰਡ ਕੁਠਾਲਾ, ਤਹਿ: ਮਲੇਰਕੋਟਲਾ
ਜ਼ਿਲ੍ਹਾ ਸੰਗਰੂਰ
ਮੌਜੂਦਾ ਸ੍ਰੀਲੰਕਾ
ਮੋਬਾ : 0094715-324476, 01675-293743





**ਸੁਰਿੰਦਰਜੀਤ ਚੌਹਾਨ**

## ਇਸ਼ਕ

ਜੇ ਇਸ਼ਕ ਇਬਾਦਤ......ਨਾ ਹੁੰਦਾ
ਕੀਹਨੇਂ ਨੱਚਕੇ ਯਾਰ ਮਨਾਉਣਾ ਸੀ
ਜੇ ਮੇਲ ਨਾ.......ਹੁੰਦਾ ਰੂਹਾਂ ਦਾ
ਕੀਹਨੇਂ ਚੀਰ ਕੇ ਪੱਟ ਖਵਾਉਣਾ ਸੀ
ਕੌਣ ਖਾਕ ਛਾਣਦਾ ਤੱਖਤ ਹਜ਼ਾਰੇ ਦੀ
ਕਿਹਨੇ ਯਾਰ ਦਾ ਵੱਗ ਚਰਾਉਣਾ ਸੀ
ਕੌਣ ਸੀਨੇ ਲਾਉਂਦਾ ਤੱਪਦੇ....ਰੇਤੇ ਨੂੰ
ਕੀਹਨੇ ਜੰਡ ਥੱਲੇ ਆਪਾ ਗਵਾਉਣਾ ਸੀ
ਜੇ ਇਸ਼ਕ ਇਲਾਹੀ......ਨਾ ਹੁੰਦਾ
ਕੀਹਨੇਂ ਸੂਲੀ ਮਨਸੂਰ ਚੜ੍ਹਾਉਣ ਸੀ
ਕੋਣ ਚੀਰ ਪੱਥਰ ....ਲਿਆਉਦਾ ਪਾਣੀ
ਕੀਹਨੇਂ ਇਸ਼ਕੇ ਚ' ਕਮਲੇ ਕਹਾਉਣਾ ਸੀ
ਕੋਣ ਵਿੱਚ......ਝਨਾਅ....ਖਾਂਦਾ ਗੋਤੇ
ਕੀਹਨੇਂ ਵਾਰਸ ਤੋਂ ਹੀਰ ਲਖਵਾਉਣਾ ਸੀ
ਜੇ ਨਾਲ ਹਵਾ ਆਦਮ ਇਸ਼ਕ ਕਮਾਓਦਾ ਨਾ
ਫੇਰ ਜੱਗ ਤੇ ਚੌਹਾਨਾ ਕੀਹਨੇਂ .....ਆਉਣਾ ਸੀ

# ਮੇਰੇ ਗੀਤ

ਮੇਰੇ ਦੁੱਖਾਂ ਦੀ ਕਹਾਣੀ ਮੇਰੇ ਗੀਤ ਬੋਲਣਗੇ।
ਜਦ ਵੀ ਲੋਕੀ ਇਨ੍ਹਾਂ ਨੂੰ ਫੋਲਣਗੇ।
ਕਈਆਂ ਲਈ ਮੈਂ ਮੀਲ ਪੱਥਰ ਸਾਬਤ ਹੋਵਾਂਗਾ,
ਕਈ ਰਾਹ ਦਾ ਰੋੜਾ ਜਾਣ ਪੈਰੀ ਰੋਲਣਗੇ।
ਕਈਆਂ ਦੀਆਂ ਆਂਦਰਾਂ ਠਾਰ ਦੇਣਗੇ ਮੇਰੇ ਬੋਲ,
ਕਈ ਅੱਗ ਦੇ ਭਬੂਕੇ ਵਾਂਗ ਵੀ ਖੌਲਣਗੇ।
ਕਈਆਂ ਅੱਖਾਂ ਵਿਚ ਰੜਕਾਗਾਂ ਰੇਤੇ ਵਾਂਗ,
ਕਈ ਸੁਪਨਿਆਂ ਵਿਚ ਵੀ ਮੇਰਾ ਸਾਥ ਟੋਲਣਗੇ।
ਕਈਆਂ ਲਈ ਮਲ਼ਹਮ ਇੱਕ ਦਿਨ ਬਣਾਗਾਂ ਮੈਂ,
ਕਈ ਮੇਰੇ ਜ਼ਖ਼ਮਾਂ ਤੋਂ ਵੀ ਪੱਟੀਆਂ ਖੋਲਣਗੇ।
ਕਈਆਂ ਲਈ ਮੈਂ ਅੰਬਰੋਂ ਟੁੱਟਿਆ ਤਾਰਾ ਹੋਵਾਂਗਾ,
ਕਈ ਤੱਕ ਮੈਨੂੰ ਅੱਖਿਆਂ ਵਿਚ ਵਿਸ਼ ਘੋਲਣਗੇ।
ਕਈਆਂ ਤੇ ਉਧਾਰ ਰਹਿਣੇ ਮੇਰੇ ਸ਼ਬਦ ਕਹੇ,
ਕਈ ਅਪਣੀ ਕਸੱਵਟੀ ਤੇ ਨਾ ਪੂਰਾ ਤੋਲਣਗੇ।
ਅਜੇ ਬੱਚੇ ਵਾਂਗੂ ਤਰਨਾ ਸਿੱਖ ਰਿਹਾ ਹਾਂ,
ਜਦ ਰਫ਼ਤਾਰ ਫੜੀ 'ਚੌਹਾਨਾ' ਤਾਂ ਜ਼ਰੂਰ ਹੌਲਣਗੇ।



# ਸੰਸਾਰ

ਇਹ ਕੇਹਾ..........ਏ ਸੰਸਾਰ ਵੇ ਲੋਕੋ
ਪੈਸਾ ਸਭ ਦਾ ਯਾਰ ......ਵੇ ਲੋਕੋ
ਜੰਮਣੋਂ ਪਹਿਲਾ.....ਹੀ ਨੇ ਮਾਰ ਮੁਕਾਉਂਦੇ
ਧੀਆਂ ਮਾਪਿਆ ਸਿਰ......ਭਾਰ ਵੇ ਲੋਕੋ
ਕਿਸਾਨੀ ਦਾ...ਦਮ ਵੀ ਘੁੱਟਦਾ ਜਾਵੇਂ
ਕਰਜੇ ਦਿੱਤੀ ਮੱਤ .....ਮਾਰ ਵੇ ਲੋਕੋ
ਕੱਪੜੇ ਵਾਂਗ.....ਲੋਕੀ ਯਾਰ ਬਦਲ ਦੇ
ਇਸ਼ਕ ਵੀ ਹੋਇਆ......ਵਪਾਰ ਵੇ ਲੋਕੋ
ਮੁੱਖ ਤੇ ਰਾਮ.....ਬਗਲ 'ਚ ਛੁਰੀਆਂ
ਕਰਦੇ ਪਿੱਠ ਤੇ ਵਾਰ......ਵੇ ਲੋਕੋ
ਫੈਸ਼ਨ ਦੇ ਨਾ......ਤੇ ਹੋਣ ਨੁਮਾਇਸ਼ਾਂ
ਡੁੱਬਦਾ ਜਾਂਦਾ...ਏ ਸਭਿਆਚਾਰ ਵੇ ਲੋਕੋ
ਜੋ ਬੀਜਿਆ 'ਚੌਹਾਨ'...ਵੱਢਣਾਂ ਪੈਣਾ ਏ
ਲਵੋਂ ਅਕਲੀਂ....ਹੱਥ ਮਾਰ ਵੇ ਲੋਕੋ

# ਉਡਾਰੀ

ਚੱਲ ਗੀਤਾਂ ਦੀ.....ਖੋਲ ਪਿਟਾਰੀ

ਅੰਬਰੀ ਲਾਈਏ ਇਕ ਹੋਰ ਉਡਾਰੀ

ਕਰੀਏ ਕੋਈ.....ਦੁੱਖ ਸੁੱਖ ਸਾਂਝਾ

ਬਿਰਹਾ ਦੇ ਸੰਗ...ਨਿਭਾਈਏ ਯਾਰੀ

ਅੱਲੜ ਉਮਰ.....ਦੇ ਕੀਤੇ ਸੌਦੇ

ਘਾਟਿਆਂ ਦੇ ਬਣੇ ਵਣਜ ਵਪਾਰੀ

ਖੇਡ ਦਿਲਾਂ ਦੀ.....ਪੈ ਗਈ ਮਹਿੰਗੀ

ਅੱਖੀਆਂ ਤੋਂ......ਭੁੱਲ ਹੋਈ ਭਾਰੀ

ਪਹਿਲੀ ਤੱਕਣੀ ਨੇ...ਕੀਤਾ ਘਾਇਲ

ਨੈਣਾਂ ਦੀ ਸੀ........ਤੇਜ਼ ਕਟਾਂਰੀ

ਅਸੀਂ ਹਾਰੇ ਜਿੱਤ...ਗਿਆ ਜ਼ਮਾਨਾ

ਲੇਖਾਂ ਦੀ.......ਖੇਡ ਸੀ ਸਾਰੀ

'ਚੌਹਾਨਾ' ਬਣੇ ਤਮਾਸ਼ਾ......ਜੱਗ ਦਾ

ਮੱਤ ਇਸ਼ਕ ਨੇ..........ਐਸੀ ਮਾਰੀ



# ਰੀਝ ਨਿਮਾਣੀਂ

ਮੈਂ ਖਿੱਚਾਂ ਲਕੀਰਾਂ ਕਿਤੇ ਜਦ ਵੀ

ਇਕ ਤੇਰੀ ਹੀ ਤਸਵੀਰ ਬਣੇ

ਇਕ ਰੀਝ ਨਿਮਾਣੀ ਹੈ ਦਿਲ ਦੀ

ਹਰ ਜਨਮ ਤੂੰ ਮੇਰੀ ਹੀਰ ਬਣੇ

ਦਿਲ ਚੰਦਰਾ ਵਸ ਏਹੀ ਚਾਹਵੇ

ਨਾਂ ਤੇਰੇ ਦੀ ਇਕ ਲਕੀਰ ਬਣੇ

ਲੋਕੀਂ ਦੇਣ ਮਿਸਾਲਾਂ ਸਦੀਆਂ ਤਾਈ

ਐਸੀ ਜੋੜੀ ਆਪਣੀ ਅਖ਼ੀਰ ਬਣੇ

ਜੋ ਲੱਗੇ ਕਦੇ ਪਿੱਠ ਸਾਡੀ

ਨਾ ਐਸਾ ਕੋਈ ਤੀਰ ਬਣੇ

ਤੇਰੇ ਨਾਲ ਚੌਹਾਨਾ ਰੌਸ਼ਨ ਜ਼ਿੰਦਗੀ

ਇਕ ਤੂੰ ਹੀ ਮੇਰੀ ਤਕਦੀਰ ਬਣੇ

ਜੇ ਤੇਰੇ ਜੇਹਾ ਮੀਤ ਮਿਲੇ ਸਭ ਨੂੰ

ਫੇਰ ਕੌਣ ਰਾਂਝਾ ਫ਼ਕੀਰ ਬਣੇ

**ਸੁਰਿੰਦਰਜੀਤ ਚੌਹਾਨ**
ਸਪੁੱਤਰ ਅੰਮ੍ਰਿਤਪਾਲ ਸਿੰਘ ਚੌਹਾਨ
ਬੂਹੀ ਰੋਡ, 40 ਨੰਬਰ ਫਾਟਕ
ਐਮ.ਸੀ. ਦੀ ਕੋਠੀ, ਨਾਭਾ
ਜ਼ਿਲ੍ਹਾ ਪਟਿਆਲਾ (ਪੰਜਾਬ) 147201
ਮੋਬਾ: 98141-01312, 98551-00712

# ਦੇਸ਼ ਦੇ ਹਾਕਮ



**ਸੁਖਰਾਜ ਸੇਮਾ**
**(ਬਠਿੰਡਾ)**

ਪਹਿਲਾਂ ਜਰੀ ਗੁਲਾਮੀ ਗੋਰਿਆਂ ਦੀ, ਹੁਣ ਦੇਸ਼ ਦੇ ਹਾਕਮ ਲੁੱਟ ਰਹੇ

ਸੂਰਵੀਰਾਂ ਦੀ ਦਿੱਤੀ ਸ਼ਹਾਦਤ ਦੇਸ਼ ਦੀ ਹਾਲਤ ਸੁਧਰੀ ਸੀ,
ਹੁਣ ਮੱਲ੍ਹਮ ਪੱਟੀ ਕੌਣ ਕਰੇ, ਜੋ ਜ਼ਖ਼ਮ ਦੁਬਾਰਾ ਫੁੱਟ ਰਹੇ।

ਅਸੀਂ ਮੁਲਕ ਸੁਤੰਤਰ ਦੇ ਵਿੱਚ ਰਹਿੰਦੇ ਨਹੀਂ ਸੁਤੰਤਰ ਹੋਏ,
ਸੂਰਵੀਰਾਂ ਦੇ ਸਿਰਜੇ ਸੁਪਨੇ, ਜੋ ਨਿੱਤ ਦਿਹਾੜੀ ਟੁੱਟ ਰਹੇ।

ਆ ਗਈ ਹੱਥ ਉਹਨਾਂ ਦੇ ਪਾਵਰ ਉਹ ਬਣ ਰੱਬ ਗਏ,
ਜੀਣ ਨਾ ਦਿੰਦੇ ਮਰਨ ਨਾ ਦਿੰਦੇ ਏਦਾਂ ਲੁੱਟ ਕਸੁੱਟ ਰਹੇ।

ਵਾਂਗ ਚੰਬਲ ਦੀ ਘਾਟੀ ਪੂਰੇ ਦੇਸ਼ ਨੇ ਇਕ ਦਿਨ ਬਣ ਜਾਣਾ,
ਜੋ ਸ਼ਰੇਆਮ ਉਜਾੜਾਂ ਕਰਕੇ ਬੂਟੇ ਦੇਸ਼ ਭਗਤੀ ਦੇ ਪੁੱਟ ਰਹੇ।

ਰਾਜ ਹਾਲ ਵੇਖ ਸੋਨ ਚਿੜੀਆਂ ਦਾ ਹਿਰਦਾ ਪਲ ਪਲ ਰੋਏ,
ਬਸ ਨਾ ਚਲਦਾ ਕੀ ਕਰੀਏ, ਬਸ ਸ਼ਬਦ ਜੋੜ ਕੇ ਸੁੱਟ ਰਹੇ।

ਪਹਿਲਾਂ ਜ਼ਰੀ ਗੁਲਾਮੀ ਗੋਰਿਆਂ ਦੀ, ਹੁਣ ਦੇਸ਼ ਦੇ ਹਾਕਮ ਲੁੱਟ ਰਹੇ



# ਨੰਨ੍ਹੀਆਂ ਛਾਵਾਂ

ਨੰਨ੍ਹੀਆਂ ਛਾਵਾਂ ਲਾਉਣੀਆਂ ਸੁਖਾਲੀਆਂ
ਜੀ ਲਾਉਣੀਆਂ ਸੁਖਾਲੀਆਂ
ਪੁੱਛੋ ਉਹਨਾਂ ਮਾਪਿਆਂ, ਧੀਆਂ ਜਿਨ੍ਹਾਂ ਪਾਲੀਆਂ
ਪਾਲੀਆਂ ਪਲੋਸੀਆਂ, ਸਮਾਜ ਦੈਂਤ ਖਾ ਲਈਆਂ
ਪਾਲੀਆਂ ਪਲੋਸੀਆਂ, ਜਾਂ ਦਾਜ ਦੈਂਤ ਖਾ ਲਈਆਂ
ਨੰਨ੍ਹੀਆਂ ਛਾਵਾਂ ਲਾਉਣੀਆਂ ਸੁਖਾਲੀਆਂ
ਜੀ ਲਾਉਣੀਆਂ ਸੁਖਾਲੀਆਂ
ਕੁੜੀ ਦਾ ਦੂਜਾ ਨਾਂ ਕਮਜ਼ੋਰੀ,
ਕਮਜ਼ੋਰੀ ਸਾਰੇ ਜੱਗ ਨੇ ਲੋਚੀ,
ਅੱਜ ਵੀ ਕੱਲੀ ਵੇਖ ਕੇ ਔਰਤ,
ਬੰਦਾ ਬਣ ਜਾਂਦਾ ਤਨ-ਨੋਚੀ,
ਜੋ ਤਨ ਨੋਚ ਨੋਚ ਮੇਰਾ
ਮੈਨੂੰ ਇੰਝ ਮਿਟਾਉਣਾ ਏ
ਅਹਿ ਦੁਨੀਆਂ ਵਾਲਿਓ
ਫਿਰ ਕਿਉਂ ਮੈਨੂੰ ਜੱਗ ਵਿਖਾਉਣਾ ਏ
ਜੇ ਅਸਰ ਨਾ ਕਰਨਾ,
'ਰਾਜ' ਸਾਰ ਨਾ ਲੈਣੀ,
ਛਾਪਦੇ ਹੋ ਨਿੱਤ ਖ਼ਬਰਾਂ
ਕਿਉਂ ਕਾਲੀਆਂ
ਨੰਨ੍ਹੀਆਂ ਛਾਵਾਂ ਲਾਉਣੀਆਂ ਸੁਖਾਲੀਆਂ
ਜੀ ਲਾਉਣੀਆਂ ਸੁਖਾਲੀਆਂ

# ਜੰਨਤ ਦਾ ਪਰਛਾਵਾਂ

ਮਾਵਾਂ ਮਾਵਾਂ ਮਾਵਾਂ
ਮਮਤਾ ਦਾ ਬੂਟਾ ਘਣਛਾਵਾਂ
ਏਹ ਰੁੱਖ ਸਭ ਲੋੜਾਂ ਪੂਰਦਾ
ਫਲ ਫੁੱਲ ਪੱਤੇ ਨਾਲ ਛਾਵਾਂ

ਉਹ ਨੀਚ ਬੰਦਾ ਜੋ ਤਣੇ ਨੂੰ ਵੱਢੇ
ਦਿਲੋਂ ਮਾੜਾ ਮਾਂ ਲਫ਼ਜ਼ ਨਾ ਕੱਢੇ
ਔਲਾਦ ਸੁੱਖ ਲਈ ਮੰਗਦੀ ਖ਼ੈਰਾਂ
ਕਿ ਦੁੱਖ ਮੈਂ ਬੱਚਿਆਂ ਦੇ ਪਾਵਾਂ

ਛੱਡ ਮਾਪੇ ਕਰੇ ਰੱਬ ਦੀਆਂ ਗੱਲਾਂ
ਘਰ ਛੱਡ ਕੇ ਬਾਹਰੋਂ ਲੈਣ ਕੀ ਚੱਲਾਂ
ਨਜ਼ਰ ਬਣਾ 'ਰਾਜ' ਵੇਖਣ ਵਾਲੀ
ਮਾਪੇ ਜੰਨਤ ਦਾ ਪਰਛਾਵਾਂ



# ਜੀਵਨ ਸਾਥੀ

ਜੀਵਨ ਸਾਥੀ ਕਲਮ ਹੋਈ, ਅਸੀਂ ਕਲਮ ਸਹਾਰੇ ਜੀ ਰਹੇ

ਜ਼ਿੰਦਗੀ ਦਾ ਦੂਜਾ ਨਾਂ ਦਰਦ, ਮੈਂ ਕੁਝ ਕੁ ਦਰਦ ਸਹਾਰ ਲਏ
ਜੋ ਨਾ ਹੋਏ ਸਹਿਣ ਮੈਥੋਂ ਮੈਂ ਵਰਕਿਆ ਤੇ ਹਰਫ ਉਤਾਰ ਲਏ
ਸਾਰ ਨਾ ਜ਼ਿੰਦਗੀ ਕੀ ਮਾਣੇ, ਜਾਂ ਅਸੀਂ ਇਹ ਕਰਦੇ ਕੀ ਰਹੇ
ਜੀਵਨ ਸਾਥੀ ਕਲਮ ਹੋਈ, ਅਸੀਂ ਕਲਮ ਸਹਾਰੇ ਜੀ ਰਹੇ

ਕਿ ਵੱਡੀ ਖ਼ੁਸ਼ੀ ਕੋਈ ਆਵੇਗੀ ਹਿੱਸੇ, ਅਸੀਂ ਝੋਲੀਆਂ ਅੱਡਦੇ ਰਹੇ
ਦੀਵਾਲੀ ਦੇ ਇੰਤਜ਼ਾਰ ਅਸੀਂ ਲੋਅ ਦੀਵਿਆਂ ਦੀ ਛੱਡਦੇ ਰਹੇ
ਸਹੀ ਰਹੇ ਉਹ ਲੋਕੀਂ, ਹਰ ਖ਼ੁਸ਼ੀ ਤੇ ਕਰਦੇ ਹੀ ਹੀ ਰਹੇ
ਜੀਵਣ ਸਾਥੀ ਕਲਮ ਹੋਈ, ਅਸੀਂ ਕਲਮ ਸਹਾਰੇ ਜੀ ਰਹੇ

ਅਸੀਂ ਕੱਚੇ ਰਾਹਾਂ ਤੇ ਰਹੇ ਚਲਦੇ, ਕਿ ਰਾਹ ਜਰਨੈਲੀ ਆਵਣਗੇ
ਲੰਮੇ ਪੈਂਡੇ ਕਰ ਲਏ ਤੈਅ, ਇਹ ਖੌਰੇ ਕਿਸ ਮੰਜ਼ਿਲ ਨੂੰ ਜਾਵਣਗੇ
ਥੱਕੇ ਟੁੱਟੇ ਚੂਰ ਹੋਏ, ਅਸੀਂ ਫੱਟ ਜਿਗਰ ਦੇ ਸੀਅ ਰਹੇ
ਜੀਵਣ ਸਾਥੀ ਕਲਮ ਹੋਈ, ਅਸੀਂ ਕਲਮ ਸਹਾਰੇ ਜੀ ਰਹੇ

ਏਥੇ ਸਭ ਕੁਝ ਤਾਂ ਨਹੀਂ ਮਿਲਦਾ, ਬਸ ਮਿਲਦਾ ਮੁਕੱਦਰਾਂ ਵਾਲਾ
'ਰਾਜ' ਲੱਭੇ ਤੂੰ ਦਰ ਖ਼ੁਸ਼ੀਆਂ ਇਹ ਨਹੀਂ ਕਰਮਾਂ ਬਿਨ ਸੁਖਾਲਾ
ਵਸਦੇ 'ਸੇਮਾਂ' 'ਚ ਸੌਖੇ ਲੋਕੀਂ, ਜੋ ਘੁੱਟ ਸਬਰਾਂ ਦੇ ਪੀ ਰਹੇ
ਜੀਵਣ ਸਾਥੀ ਕਲਮ ਹੋਈ, ਅਸੀਂ ਕਲਮ ਸਹਾਰੇ ਜੀ ਰਹੇ

# ਗੁਨਾਹਾਂ ਦੀ ਸਜ਼ਾ

ਮੇਰਿਆਂ ਗੁਨਾਹਾਂ ਦੀ ਸਜ਼ਾ ਮਿਲ ਰਹੀ ਹੈ
ਨਾ ਕਾਮਯਾਬੀਆਂ ਦੀ ਵਜ੍ਹਾ ਮਿਲ ਰਹੀ ਹੈ
ਮਿਲਿਆ ਨਾ ਹੁਣ ਕੋਈ ਜੀਣ ਦਾ ਜਰੀਆ
ਰੋਜ਼ ਜ਼ਿੰਦਗੀ ਬੇਵਜ੍ਹਾ ਮਿਲ ਰਹੀ ਹੈ
ਮਿਲ ਕੇ ਵੀ ਹੋਇਆ ਨਾ ਜੋ ਏਹੋ ਮਿਲਣ
ਮੇਰੀ ਹਰ ਕਮੀਂ ਗਵਾਹ ਮਿਲ ਰਹੀ ਹੈ

ਦਿੱਤੀ ਹੋਣੀ ਦੁਖੀ ਹੋ ਕੇ ਉਹਨੇ ਬਦ ਦੁਆ
ਸੱਧਰਾਂ 'ਚੋਂ ਉਡਦੀ ਸਵਾਹ ਮਿਲ ਰਹੀ ਹੈ
ਸਮਝ ਨਾ ਪਾਇਆ ਉਹਦਾ ਉੱਚਾ ਰੁਤਬਾ
ਵਧੀਕੀ ਮੇਰੀ ਖਾ-ਮਖਾਹ ਮਿਲ ਰਹੀ ਹੈ
ਲੋਕਾਂ ਆਖੇ ਲੱਗ ਉਹਨੂੰ ਖੇਡ 'ਚ ਗੁਆਇਆ
ਹੁਣ ਸੋਚ-ਸੋਚ ਸ਼ਰਮ ਹਯਾ ਮਿਲ ਰਹੀ ਹੈ
ਖਾਬ ਬਣ ਬੀਤ ਗਿਆ ਉਹ ਜੋ ਰਿਸ਼ਤਾ
ਨਾ ਯਾਦ ਭੁੱਲਣੇ ਦੀ ਦਵਾ ਮਿਲ ਰਹੀ ਹੈ
ਖ਼ੁਸ਼ੀ ਲੈ ਕੇ ਆਈ ਵਿਹੜੇ ਜੋ ਨਾ ਪਛਾਣੀ
ਕਿਸਮਤ ਰੰਗ ਵਟਾ ਮਿਲ ਰਹੀ ਹੈ
ਖੋਹਣ ਪਿੱਛੋਂ ਯਾਦ ਆਉਂਦਾ ਮੁੱਲ ਕਿਸੇ ਦਾ
ਦਿਲ ਖ਼ਾਲੀ ਖ਼ਾਲੀ ਜਗ੍ਹਾ ਮਿਲ ਰਹੀ ਹੈ
'ਸੁਖਰਾਜ' ਮਿਲਣੀ ਨਾ ਏਸੀ ਕੋਈ ਸੀਰਤ
ਸੂਰਤ ਸੋਹਣੀ ਹਰ ਰਾਹ ਮਿਲ ਰਹੀ ਹੈ

**-ਸੁਖਰਾਜ ਸੇਮਾ (ਬਠਿੰਡਾ)**
ਪਿੰਡ ਤੇ ਡਾ. ਸੇਮਾ ਕਲਾਂ
ਬਠਿੰਡਾ (ਪੰਜਾਬ)
ਮੋਬਾ: 90237-61081